ਪਰਵਾਸ ਅਤੇ ਗਤੀਸ਼ੀਲਤਾ ਬਾਰੇ
ਇੰਡੀਅਨ-ਈਯੂ ਦਾ ਸਾਂਝਾ ਏਜੰਡਾ

# ਫਰਾਂਸ ਵਿਚ ਭਾਰਤੀਆਂ ਦੇ

## ਇੰਟੀਗ੍ਰੇਸ਼ਨ ਲਈ ਹੈਂਡਬੁੱਕ

ICM India Centre for Migration

Local Partner

ICMPD International Centre for Migration Policy Development

Implementing Partner

ILO International Labour Organization

Implementing Partner

# ਫਰਾਂਸ ਵਿਚ ਭਾਰਤੀਆਂ ਦੇ

## ਇੰਟੀਗ੍ਰੇਸ਼ਨ ਲਈ ਹੈਂਡਬੁੱਕ

ਇੰਡੀਆ-ਈਯੂ ਕੋਆਪਰੇਸ਼ਨ ਐਂਡ ਡਾਇਲੌਗ ਔਨ
ਮਾਇਗ੍ਰੇਸ਼ਨ ਐਂਡ ਮੋਬਿਲਟੀ

ਵਲੋਂ ਲਾਗੂ ਕੀਤਾ ਗਿਆ :
ਇੰਟਰਨੈਸ਼ਨਲ ਲੇਬਰ ਔਰਗੇਨਾਈਜੇਸ਼ਨ (ਆਈਐੱਲਓ)
ਇੰਟਰਨੈਸ਼ਨਲ ਸੈਂਟਰ ਫੌਰ ਮਾਈਗ੍ਰੇਸ਼ਨ ਪੌਲਸੀ ਡਿਵੈੱਲਪਮੈਂਟ (ਆਈਸੀਐੱਮਪੀਡੀ)

ਕੌਪੀਰਾਇਟ © ਇੰਟਰਨੈਸ਼ਨਲ ਲੇਬਰ ਔਰਗੇਨਾਇਜ਼ੇਸ਼ਨ 2020

ਪਹਿਲਾ ਪ੍ਰਕਾਸ਼ਨ (2020)

---

ਯੂਨੀਵਰਸਲ ਕੌਪੀਰਾਇਟ ਕੰਨਵੈਨਸ਼ਨ ਦੇ ਪ੍ਰੋਟੋਕਾਲ 2 ਤਹਿਤ ਪ੍ਰਕਾਸ਼ਨਾਂ ਦਾ ਕੌਪੀਰਾਈਟ ਇੰਟਰਨੈਸ਼ਨਲ ਲੇਬਰ ਆਫ਼ਿਸ ਦਾ ਹੈ। ਭਾਵੇਂ ਕਿ ਇਨ੍ਹਾਂ ਵਿਚੋਂ ਸਰੋਤ ਦਾ ਹਵਾਲਾ ਦਿੱਤੇ ਜਾਣ ਦੀ ਸ਼ਰਤ ਨਾਲ ਕੁਝ ਅੰਸ਼ ਬਿਨਾਂ ਪ੍ਰਵਾਨਗੀ ਮੁੜ ਛਾਪੇ ਜਾ ਸਕਦੇ ਹਨ। ਮੁੜ ਪ੍ਰਕਾਸ਼ਨ ਜਾਂ ਅਨੁਵਾਦ ਦਾ ਹੱਕ ਲੈਣ ਲਈ ਸੀਐੱਚ-1211 ਜਨੇਵਾ 22, ਸਵਿੱਟਜ਼ਰਲੈਂਡ ਵਿਚ ਸਥਿਤ ਇੰਟਰਨੈਸ਼ਨਲ ਲੇਬਰ ਆਫ਼ਿਸ ਦੇ ਆਈਐੱਲਓ ਪਬਲੀਕੇਸ਼ਨਜ਼ (ਰਾਇਟਸ ਐਂਡ ਲਾਇੰਸੈਂਸਿੰਗ) ਵਿਚ ਅਰਜ਼ੀ ਦੇਣੀ ਪਵੇਗੀ, ਜਾਂ ਇਹ ਅਰਜ਼ੀ rights@ilo.org ਉੱਤੇ ਈਮੇਲ ਵੀ ਕੀਤੀ ਜਾ ਸਕਦੀ ਹੈ। ਇੰਟਰਨੈਸ਼ਨਲ ਲੇਬਰ ਆਫ਼ਿਸ ਅਜਿਹੀਆਂ ਅਰਜ਼ੀਆਂ ਦਾ ਸਵਾਗਤ ਕਰਦਾ ਹੈ।

ਲਾਇਬ੍ਰੇਰੀਆਂ, ਸੰਸਥਾਵਾਂ ਅਤੇ ਮੁੜ ਪ੍ਰਕਾਸ਼ਨ ਦਾ ਹੱਕ ਪ੍ਰਾਪਤ ਸੰਗਠਨਾਂ ਨਾਲ ਰਜਿਸਟਰਡ ਵਰਤੋਂਕਾਰ, ਇੰਨ੍ਹਾਂ ਨੂੰ ਇਸ ਉਦੇਸ਼ ਲਈ ਜਾਰੀ ਲਾਇੰਸੈਂਸ ਦੇ ਮੁਤਾਬਕ ਹੀ ਕਾਪੀਆਂ ਛਾਪ ਸਕਦੇ ਹਨ। ਆਪਣੇ ਮੁਲਕ ਵਿਚ ਮੁੜ ਪ੍ਰਕਾਸ਼ਨ ਵਾਲੇ ਸੰਗਠਨਾਂ ਬਾਰੇ ਇਸ ਵੈੱਬਸਾਈਟ ਤੋਂ ਜਾਣਕਾਰੀ ਲਈ ਜਾ ਸਕਦੀ ਹੈ।

ਪ੍ਰਕਾਸ਼ਨ ਡਾਟਾ ਵਿਚ ਆਈਐੱਲਓ ਕੈਟਾਲੋਗਿੰਗ

---

ਪੰਜਾਬੀ ਐਡੀਸ਼ਨ

ਆਈਐੱਸਬੀਐੱਨ: 978-92-2-031790-7 (ਪ੍ਰਿੰਟ)

978-92-2-031791-4 (ਵੈੱਬ ਪੀਡੀਐੱਫ)

---

ਆਈਐੱਲਓ ਪ੍ਰਕਾਸ਼ਨਾਂ ਵਿਚ ਲਿਖੇ ਗਏ ਅਹੁਦੇ ਸੰਯੁਕਤ ਰਾਸ਼ਟਰ ਪ੍ਰੈਕਟਿਸ ਦੇ ਮੁਤਾਬਕ ਹਨ, ਪ੍ਰਕਾਸ਼ਨਾਂ ਵਿਚਲੀ ਸਮੱਗਰੀ ਦੀ ਪੇਸ਼ਕਾਰੀ ਦਾ ਮਤਲਬ ਅੰਤਰਰਾਸ਼ਟਰੀ ਲੇਬਰ ਦਫ਼ਤਰ ਦੀ ਰਾਇ ਦਾ ਪ੍ਰਗਟਾਵਾ ਨਹੀਂ ਹੈ ਅਤੇ ਨਾ ਹੀ ਇਹ ਕਿਸੇ ਵੀ ਦੇਸ਼ ਦੀ ਕਾਨੂੰਨੀ ਸਥਿਤੀ ਬਾਰੇ, ਇਲਾਕੇ ਜਾਂ ਖੇਤਰ ਦੀਆਂ ਸਰਹੱਦਾਂ ਜਾਂ ਇਸਦੇ ਅਧਿਕਾਰੀਆਂ ਦੀ ਹਲਕਾਬੰਦੀ ਕਰਨਾ ਹੈ।

ਲੇਖਾਂ, ਸਟੱਡੀਜ਼ ਜਾਂ ਹੋਰ ਲਿਖਤਾਂ ਵਿਚ ਪ੍ਰਗਟਾਏ ਗਏ ਵਿਚਾਰਾਂ ਦੀ ਜ਼ਿੰਮੇਵਾਰੀ ਸਿਰਫ਼ ਇਨ੍ਹਾਂ ਦੇ ਲੇਖਕਾਂ ਦੀ ਹੈ ਅਤੇ ਪ੍ਰਕਾਸ਼ਨਾਂ ਵਿਚ ਪ੍ਰਗਟਾਏ ਗਏ ਵਿਚਾਰਾਂ ਦੀ ਇੰਟਰਨੈਸ਼ਨਲ ਲੇਬਰ ਅਫ਼ਿਸ ਪ੍ਰੋੜਤਾ ਨਹੀਂ ਕਰਦਾ।

ਜਿੰਨ੍ਹਾਂ ਫਰਮਾਂ ਜਾਂ ਕਮਰਸ਼ੀਅਲ ਉਤਪਾਦਾਂ ਦੇ ਨਾਂ ਅਤੇ ਪ੍ਰਕਿਰਿਆਵਾਂ ਦੇ ਹਵਾਲੇ ਦਿੱਤੇ ਗਏ ਹਨ, ਉਨ੍ਹਾਂ ਦੀ ਵੀ ਇੰਟਰਨੈਸ਼ਨਲ ਲੇਬਰ ਆਫ਼ਿਸ ਪ੍ਰੋੜਤਾਂ ਨਹੀਂ ਹੈ ਅਤੇ ਕਿਸੇ ਖ਼ਾਸ ਫ਼ਰਮ, ਕਮਰਸ਼ੀਅਲ ਉਤਪਾਦ ਜਾਂ ਪ੍ਰਕਿਰਿਆ ਦੇ ਜ਼ਿਕਰ ਦੀ ਅਸਫ਼ਲਤਾ ਉਸ ਨੂੰ ਰੱਦ ਕਰਨ ਦੀ ਮੋਹਰ ਨਹੀਂ ਹੈ।

ਆਈਐੱਲਓ ਪ੍ਰਕਾਸ਼ਨਾਂ ਅਤੇ ਡਿਜ਼ੀਟਲ ਉਤਪਾਦਾਂ ਬਾਰੇ ਜਾਣਕਾਰੀ ਇਸ ਵੈੱਬਸਾਇਟ ਤੋਂ ਮਿਲ ਸਕਦੀ ਹੈ:www.ilo.org/publns.

ਇਹ ਪ੍ਰਕਾਸ਼ਨ ਯੂਰਪੀਅਨ ਯੂਨੀਅਨ ਦੀ ਵਿੱਤੀ ਸਹਾਇਤਾ ਨਾਲ ਕੀਤਾ ਗਿਆ ਹੈ। ਇਸ ਦੇ ਤੱਥਾਂ ਦੀ ਜ਼ਿੰਮੇਵਾਰੀ ਸਿਰਫ਼ ਲੇਖਕ ਹੀ ਹੈ। ਇਨ੍ਹਾਂ ਵਿਚਲੇ ਵਿਚਾਰਾਂ ਦੀ ਪ੍ਰਗਟਾਵੇ ਜਰੂਰੀ ਨਹੀਂ ਕਿ ਭਾਰਤ ਸਰਕਾਰ (GOI) ਜਾਂ ਯੂਰਪੀਅਨ ਯੂਨੀਅਨ (EU) ਦੇ ਵਿਚਾਰਾਂ ਨੂੰ ਪੇਸ਼ ਕਰਦੇ ਹੋਣ।

ਯੂਰਪੀਅਨ ਯੂਨੀਅਨ ਨੂੰ ਸ਼ਰਤਾਂ ਅਧੀਨ ਲਾਇਸੰਸ ਪ੍ਰਾਪਤ ਹੈ।

ਸੰਪਾਦਕ ਅਤੇ ਪਰੂਫ਼ਰੀਡਰ: ਡਾ. ਮਨੀਸ਼ਾ ਬੱਤਰਾ

# ਵਿਸ਼ਾ ਸੂਚੀ


ਫਰਾਂਸ ਵਿਚ ਭਾਰਤੀਆਂ ਦੇ ਇੰਟੀਗ੍ਰੇਸ਼ਨ ਲਈ ਹੈਂਡਬੁੱਕ 1

1. ਫਰਾਂਸ 'ਚ ਦਾਖਲਾ 2

1.1 ਥੋੜੇ ਸਮੇਂ ਲਈ ਵੀਜ਼ਾ (ਸ਼ੈਨੇਗਨ ਵੀਜ਼ਾ) 2

1.2 ਲੰਬੇ ਸਮੇਂ ਲਈ ਵੀਜ਼ਾ 2

1.2.1 ਵੀ.ਐੱਲ.ਐੱਸ- ਟੀ.ਐੱਸ- (visa de long séjour valant titre de séjour) 2

1.2.2 ਹੋਰ ਲੰਬੇ ਸਮੇਂ ਦੇ ਵੀਜ਼ੇ the statement carte de séjour à solliciter (ਰਿਹਾਇਸ਼ੀ ਪਰਮਿਟ ਅਪਲਾਈ ਕੀਤਾ ਜਾਣਾ ਜਰੂਰੀ) 3

2. ਫਰਾਂਸ ਵਿਚ ਵਸਣ ਲਈ 3

2.1 ਰਿਹਾਇਸ਼ੀ ਪਰਮਿਟ 3

2.1.1 ਵੀ.ਐੱਲ.ਐੱਸ- ਟੀ.ਐੱਸ (visa de long séjour valant titre de séjour) 4

2.1.2 ਅਸਥਾਈ ਰਿਹਾਇਸ਼ ਪਰਮਿਟ (cartes de séjour temporaires) 4

2.1.3 ਬਹੁ-ਸਾਲਾ ਰਿਹਾਇਸ਼ ਪਰਮਿਟ (cartes de séjour pluriannuelles) 5

2.1.4 ਰਿਹਾਇਸ਼ੀ ਕਾਰਡ (carte de résident) 5

2.2 ਤੁਹਾਡੇ ਨਿੱਜੀ ਤੌਰ 'ਤੇ ਜੁੜਨ ਦੀ ਪ੍ਰਕਿਰਿਆ 7

2.3 ਪਰਿਵਾਰ ਨਾਲ ਪੁਨਰ ਮੇਲ 7

2.4 ਤੁਹਾਡੇ ਜੱਦੀ ਮੁਲਕ ਵਾਪਸ ਜਾਣ ਲਈ ਮਦਦ (Aide au retour volontaire) 8

2.5 ਗੈਰ-ਦਸਤਾਵੇਜ਼ੀ ਪਰਵਾਸੀ ਵਜੋਂ ਤੁਹਾਡੇ ਹੱਕ 8

2.6 ਬੇਸਹਾਰਾ ਨਾਬਾਲਗ 9

3. ਸਮਾਜਿਕ ਸੁਰੱਖਿਆ ਤੇ ਸਿਹਤ ਸਹੂਲਤਾਂ 9

3.1 ਪੱਕੇ ਸ਼ਹਿਰੀਆਂ ਲਈ 9

3.2 ਗੈਰ-ਦਸਤਾਵੇਜ਼ੀ ਪਰਵਾਸੀਆਂ ਲਈ ਸਿਹਤ ਸਹੂਲਤਾਂ 10

4. ਰੁਜ਼ਗਾਰ 11

4.1 ਨੌਕਰੀ ਦੀ ਭਾਲ 11

4.2 ਬੇਰੁਜ਼ਗਾਰੀ ਭੱਤੇ 11

4.3 ਗੈਰ-ਦਸਤਾਵੇਜ਼ੀ ਨਾਗਰਿਕਾਂ ਦੇ ਲੇਬਰ ਅਧਿਕਾਰ 11

5. ਰਿਹਾਇਸ਼ 13

5.1 ਨਿੱਜੀ ਸੈਕਟਰ ਵਿਚ ਕਿਰਾਏ 13

5.2 ਸਮਾਜਕ ਹਾਊਸਿੰਗ 14

5.3 ਗੈਰ-ਦਸਤਾਵੇਜ਼ੀ (ਅਣ-ਪ੍ਰਮਾਣਿਤ) ਹੋਣ 'ਤੇ ਹਾਊਸਿੰਗ 14

6. ਸਮਾਜਿਕ ਲਾਭ 15
6.1 ਮੁੱਢਲਾ ਗੁਜ਼ਾਰਾ ਭੱਤਾ 15
6.2 ਜਨਮ ਤੇ ਨਵ-ਜੰਮੇ ਦੀ ਸੰਭਾਲ ਲਈ ਭੱਤੇ 15
6.3 ਖ਼ਾਸ ਉਦੇਸ਼ ਲਈ ਭੱਤੇ 16
6.4 ਬੱਚਿਆਂ ਦੀ ਦੇਖਭਾਲ 16
6.5 ਜੇਕਰ ਤੁਸੀਂ ਹਿੰਸਾ, ਘਰੇਲੂ ਕਲੇਸ਼ ਜਾਂ ਤਸਕਰੀ ਤੋਂ ਪੀੜਤ ਹੋ 17
6.6 ਜੇਕਰ ਤੁਸੀਂ ਵਿਆਹੇ ਹੋ 17
7. ਸਿੱਖਿਆ, ਸਿਖਲਾਈ ਅਤੇ ਭਾਸ਼ਾਈ ਕੋਰਸ 17
7.1 ਬੱਚਿਆਂ ਲਈ ਸਿੱਖਿਆ 17
7.1.1 ਫਰੈਂਚ ਸਕੂਲ ਸਿਸਟਮ 17
7.1.2 ਫਰੈਂਚ ਨਾ ਬੋਲ ਸਕਣ ਵਾਲੇ ਬੱਚਿਆਂ ਲਈ ਸਹੂਲਤਾਂ 18
7.1.3 ਜੇਕਰ ਤੁਸੀਂ ਗੈਰ-ਦਸਤਾਵੇਜ਼ੀ (ਅਣ-ਪ੍ਰਮਾਣਿਤ) ਹੋ: 18
7.2 ਬਾਲਗਾਂ ਲਈ ਸਿੱਖਿਆ ਅਤੇ ਹੁਨਰ ਸਿਖਲਾਈ 19
7.2.1 ਫਰੈਂਚ ਕਿੱਥੋਂ ਸਿੱਖੀਏ? 19
7.2.2 ਹੁਨਰ ਸਿਖਲਾਈ ਤੇ ਪੇਸ਼ੇਵਰ ਸਿੱਖਿਆ 19
8. ਫਰਾਂਸ ਵਿਚ ਪੜ੍ਹਾਈ 20
8.1 ਫਰੈਂਚ ਯੂਨੀਵਰਸਿਟੀ ਜਾਂ ਨਿੱਜੀ ਉੱਚ ਸਿੱਖਿਆ ਸੰਸਥਾਨ ਵਿਚ ਦਾਖ਼ਲਾ 20
8.2 ਸਟੂਡੈਂਟ ਵੀਜ਼ੇ ਲਈ ਅਰਜ਼ੀ ਦੇਣਾ 21
8.3 ਸਟੂਡੈਂਟ ਰਿਹਾਇਸ਼ੀ ਪਰਮਿਟ ਲਈ ਅਪਲਾਈ ਕਰਨਾ 22
8.4 ਵਿਦੇਸ਼ੀ ਵਿਦਿਆਰਥੀਆਂ ਲਈ ਵਜ਼ੀਫੇ ਤੇ ਫ਼ੀਸਾਂ 23
8.4.1 ਟਿਊਸ਼ਨ ਫ਼ੀਸ 23
8.4.2 ਵਜੀਫ਼ੇ 23
8.5 ਸਮਾਜਕ ਸੁਰੱਖਿਆ ਤੇ ਸਿਹਤ ਸਹੂਲਤਾਂ 24
8.6 ਰਿਹਾਇਸ਼ 24
9. ਰੋਜਾਨਾਂ ਜ਼ਿੰਦਗੀ 25
9.1 ਫਰਾਂਸ ਆਉਣ ਸਮੇਂ ਜਿਹੜੇ ਦਸਤਾਵੇਜ਼ ਲਿਆਉਣੇ ਹਨ 25
9.2. ਦਫ਼ਤਰੀ ਦਸਤਾਵੇਜ਼ਾਂ ਦਾ ਅਨੁਵਾਦ 25
9.3 ਬੈਂਕ ਖ਼ਾਤਾ ਖੁਲਵਾਉਣਾ 26
9.4 ਘਰ ਪੈਸੇ ਭੇਜਣਾ 26
9.5 ਫਰਾਂਸ ਵਿਚ ਘੁੰਮਣਾ-ਫਿਰਨਾ 27
9.5.1 ਡਰਾਇਵਿੰਗ 27
9.5.2 ਜਨਤਕ ਆਵਾਜਾਈ (transports en commun) 27
10. ਅਹਿਮ ਸੰਪਰਕ 28

# ਸੰਖੇਪ ਸ਼ਬਦਾਂ ਦੀ ਸੂਚੀ

| | |
|---|---|
| ਏ.ਐੱਮ.ਈ | Aide médicale d'Etat (ਗੈਰ-ਦਸਤਾਵੇਜ਼ੀ (ਅਣ-ਪ੍ਰਮਾਣਿਤ) ਪਰਵਾਸੀਆਂ ਲਈ ਸਰਕਾਰੀ ਸਿਹਤ ਸਹੂਲਤਾਂ) |
| ਸੀ.ਏ.ਐੱਫ | Caisse d'allocations familiales (ਪਰਿਵਾਰਕ ਭੱਤਾ ਫੰਡ) |
| ਸੀ.ਸੀ.ਏ.ਐੱਸ | Centre communal d'action sociale (ਸਥਾਨਕ ਕੌਂਸਲ ਸਮਾਜਕ ਸੇਵਾ) |
| ਸੀ.ਪੀ.ਏ.ਐੱਮ | Caisse primaire d'assurance maladie (ਜਨ ਸਿਹਤ ਬੀਮਾ ਸਕੀਮ) |
| ਸੀ.ਆਰ.ਓ.ਯੂ.ਐੱਸ | Centres régionaux des oeuvres universitaires et scolaires (ਖੇਤਰੀ ਵਿਦਿਆਰਥੀ ਸੇਵਾ ਕੇਂਦਰ ) |
| ਸੀ.ਆਰ.ਏ | Centre de rétention administrative (ਪ੍ਰਸ਼ਾਸਨਿਕ ਨਜ਼ਰਬੰਦੀ ਕੇਂਦਰ) |
| ਓ.ਐੱਫ਼.ਆਈ.ਆਈ | Office d'immigration et d'intégration (ਪਰਵਾਸੀਆਂ ਦੇ ਵਸਣ ਸੰਬੰਧੀ ਦਫ਼ਤਰ) |
| ਓ.ਕਿਊ.ਟੀ.ਐੱਫ | Obligation de quitter le territoire française (ਫਰੈਂਚ ਇਲਾਕਾ ਛੱਡਣ ਲਈ ਜ਼ਿੰਮੇਵਾਰੀ) |
| ਪੀ.ਏ.ਐੱਸ.ਐੱਸ | Permanence d'accès aux soins de santé (ਗੈਰ-ਦਸਤਾਵੇਜ਼ੀ ਪਰਵਾਸੀਆਂ ਲਈ ਸਿਹਤ ਸੇਵਾ ਕੇਂਦਰ) |
| ਐੱਸ.ਐੱਮ.ਆਈ.ਸੀ | Salaire minimum interprofessionnel de croissance (ਘੱਟੋ-ਘੱਟ ਕਾਨੂੰਨੀ ਤਨਖ਼ਾਹ) |
| ਵੀ.ਐੱਸ.ਐੱਸ-ਟੀ.ਐੱਸ | Visa de long séjour valant titre de séjour (ਰਿਹਾਇਸ਼ੀ ਪਰਮਿਟ ਦੇ ਬਰਾਬਰ ਲੰਬੇ ਸਮੇਂ ਦਾ ਵੀਜ਼ਾ) |

ਹੈਂਡਬੁੱਕ ਵਿਚ ਅੰਕਿਤ ਤਾਰੇ* ਦੇ ਨਿਸ਼ਾਨ ਭਾਗ 10 ਵਿਚ ਦਿੱਤੇ ਗਏ ਲਾਭਦਾਇਕ ਸੰਪਰਕਾਂ ਦਾ ਹਵਾਲਾ ਦਿੰਦੇ ਹਨ।

# ਭੂਮਿਕਾ

'ਫਰਾਂਸ ਵਿਚ ਭਾਰਤੀਆਂ ਦੇ ਇੰਟੀਗ੍ਰੇਸ਼ਨ ਲਈ ਹੈਂਡਬੁੱਕ' ਉਨ੍ਹਾਂ ਭਾਰਤੀ ਮੂਲ ਦੇ ਪਰਵਾਸੀਆਂ ਲਈ ਮਾਰਗਦਰਸ਼ਕ ਹੈ, ਜੋ ਕਿ ਪਰਵਾਸੀ ਅਬਾਦੀ ਦੀ ਸਿਰਫ਼ ਥੋੜ੍ਹੀ ਜਿਹੀ ਪ੍ਰਤੀਸ਼ਤਤਾ ਲਗਭਗ 40000 ਲੋਕਾਂ ਨੂੰ ਦਰਸਾਉਂਦੀ ਹੈ। ਇਹ ਹੈਂਡਬੁੱਕ ਫਰਾਂਸ ਵਿਚ ਰਹਿਣ ਅਤੇ ਕੰਮ ਕਰਨ ਵਾਲੇ ਵਿਦਿਆਰਥੀਆਂ ਅਤੇ ਹੋਰ ਭਾਰਤੀਆਂ ਲਈ ਲਾਹੇਵੰਦ ਸਿੱਧ ਹੋ ਸਕਦੀ ਹੈ।

ਇਹ ਹੈਂਡਬੁੱਕ ਲੋਕਾਂ ਨੂੰ ਫਰਾਂਸ ਵਿਚ ਸਫ਼ਲਤਾਪੂਰਵਕ ਏਕੀਕ੍ਰਿਤ ਕਰਨ ਲਈ ਬੁਨਿਆਦੀ ਜਾਣਕਾਰੀ ਪ੍ਰਦਾਨ ਕਰਦੀ ਹੈ। ਇਸ ਅੰਦਰ ਫਰਾਂਸ ਵਿਚ ਰਹਿਣ ਲਈ ਲੋੜੀਦੇ ਦਸਤਾਵੇਜ਼ਾਂ ਅਤੇ ਸ਼ੁਰੂਆਤੀ ਸਥਿਤੀਆਂ ਜਿਵੇਂ ਕਿ: ਸਿਹਤ, ਸਿੱਖਿਆ, ਹਾਊਸਿੰਗ, ਰਿਹਾਇਸ਼,ਪਰਿਵਾਰਕ ਲੋੜਾਂ ਅਤੇ ਆਮਦਨੀ ਆਦਿ ਨੂੰ ਤਰਜੀਹ ਦੇਣ ਵਾਲੀਆਂ ਬੁਨਿਆਦੀ ਸੇਵਾਵਾਂ ਤੱਕ ਕਿਵੇਂ ਪਹੁੰਚਣਾ ਹੈ, ਬਾਰੇ ਪੜ੍ਹਾਅ-ਦਰ-ਪੜ੍ਹਾਅ ਨਿਰਦੇਸ਼ਾਂ ਦੁਆਰਾ ਦੱਸਿਆ ਗਿਆ ਹੈ। ਇਸਦੇ ਨਾਲ ਹੀ ਇਹ ਹੈਂਡਬੁੱਕ ਵਿਚ ਅਨਿਯਮਿਤੱਤਾ ਵਰਗੇ ਹੋਰ ਗੁੰਝਲਦਾਰ ਸਵਾਲਾਂ ਦੇ ਜਵਾਬ ਦੇਣ ਦੀ ਕੋਸ਼ਿਸ਼ ਕੀਤੀ ਗਈ ਹੈ।

ਇਹ ਹੈਂਡਬੁੱਕ ਕ੍ਰਿਸਟੀਨ ਮੌਲਿਨਰ ਤੇ ਭਾਰਤ ਵਿਚ ਫਰਾਂਸ ਦੂਤਾਵਾਸ ਅਤੇ ਫਰਾਂਸ ਵਿਚ ਭਾਰਤ ਦੂਤਾਵਾਸ ਤੋਂ ਪ੍ਰਾਪਤ ਜਾਣਕਾਰੀ ਦੇ ਆਧਾਰ 'ਤੇ ਤਿਆਰ ਕੀਤੀ ਗਈ ਹੈ। ਆਈ ਐਲ ਓ ਇਸ ਹੈਂਡਬੁੱਕ ਨੂੰ ਤਿਆਰ ਕਰਨ ਵਿਚ ਆਪਣੇ ਯੋਗਦਾਨ ਪਾਉਣ ਵਾਲਿਆਂ ਦਾ ਧੰਨਵਾਦ ਕਰਦਾ ਹੈ। ਇਹ ਹੈਂਡਬੁੱਕ ਪੰਜਾਬੀ ਭਾਸ਼ਾ ਤੋਂ ਇਲਾਵਾ ਹਿੰਦੀ ਅਤੇ ਅੰਗਰੇਜ਼ੀ ਭਾਸ਼ਾ ਵਿਚ ਵੀ ਉਪਲਬਧ ਹੈ।

## 1. ਫਰਾਂਸ ਵਿਚ ਆਮਦ

ਫਰਾਂਸ ਵਿਚ ਦਾਖ਼ਲ ਹੋਣ ਤੋਂ ਪਹਿਲਾਂ ਜਾਂ ਸ਼ੈਨੇਗਨ ਸਪੇਸ ਦੇ ਕਿਸੇ ਹੋਰ ਦੇਸ਼ ਲਈ ਜਿਨ੍ਹਾਂ ਟਰੈਵਲ ਦਸਤਾਵੇਜ਼ਾਂ ਦੀ ਲੋੜ ਹੈ, ਉਹ - ਪਾਸਪੋਰਟ ਅਤੇ ਵੀਜ਼ਾ ਹਨ।

**ਵੀਜ਼ਾ ਲੈਣ ਲਈ**

ਗੈਰ- ਯੂਰੋਪੀਅਨ ਯੂਨੀਅਨ ਵਿਦੇਸ਼ੀਆਂ ਲਈ ਵੀਜ਼ੇ ਦੀਆਂ ਦੋ ਕੈਟੇਗਰੀਆਂ ਹਨ:

### 1.1 ਥੋੜ੍ਹੇ ਸਮੇਂ ਲਈ ਵੀਜ਼ਾ (ਸ਼ੈਨੇਗਨ ਵੀਜ਼ਾ)

90 ਦਿਨ ਜਾਂ ਉਸ ਤੋਂ ਘੱਟ ਸਮੇਂ ਤੱਕ ਰੁਕਣ ਲਈ : ਇਹ ਵੀਜ਼ਾ ਸੈਰ-ਸਪਾਟਾ, ਕਾਰੋਬਾਰ, ਪਰਿਵਾਰਕ ਦੌਰਾ ਜਾਂ ਥੋੜ੍ਹੇ ਸਮੇਂ ਦੇ ਕੰਮ (ਸੱਦਾ ਪ੍ਰਾਪਤ ਕਲਾਕਾਰ ਜਾਂ ਵਿਦਵਾਨ ਹੋਣ ਦੀ ਸੂਰਤ ਵਿਚ) ਲਈ ਹੁੰਦਾ ਹੈ। ਇਸ ਵੀਜ਼ੇ ਨਾਲ ਤੁਸੀਂ 180 ਦਿਨਾਂ ਦੀ ਸਮੇਂ-ਸੀਮਾ ਅੰਦਰ ਕਿਸੇ ਵੀ ਸ਼ੈਨਗਨ ਮੁਲਕਾਂ ਵਿਚ ਵੱਧ ਤੋਂ ਵੱਧ 90 ਦਿਨਾਂ ਤੱਕ ਰਹਿ ਸਕਦੇ ਹੋ।

### 1.2 ਲੰਮੇ ਸਮੇਂ ਤੱਕ ਰਹਿਣ ਲਈ ਵੀਜ਼ਾ

90 ਦਿਨਾਂ ਤੋਂ ਵੱਧ ਰਹਿਣ ਲਈ ਵੀਜ਼ਾ। ਇਹ ਦੋ ਤਰ੍ਹਾਂ ਦੇ ਹੁੰਦੇ ਹਨ।

#### 1.2.1 ਵੀ.ਐੱਲ.ਐੱਸ-ਟੀ.ਐੱਸ (visa de long séjour valant titre de séjour)

ਲੰਮੇਂ ਸਮੇਂ ਦਾ ਵੀਜ਼ਾ ਰਿਹਾਇਸ਼ੀ ਪਰਮਿਟ ਦੇ ਬਰਾਬਰ ਹੁੰਦਾ ਹੈ: ਜੇ ਇਕ ਵਾਰ ਤੁਸੀਂ ਫਰਾਂਸ ਵਿਚ ਆ ਜਾਉਂਦੇ ਹੋ ਤਾਂ ਇਸ ਨੂੰ ਰਿਹਾਇਸ਼ੀ ਪਰਮਿਟ ਦੇ ਬਰਾਬਰ ਸਮਝਿਆ ਜਾਂਦਾ ਹੈ। ਇਹ ਵੱਧ ਤੋਂ ਵੱਧ 01 ਸਾਲ ਲਈ ਮਾਨਤਾਯੋਗ ਹੁੰਦਾ ਹੈ।

ਤੁਸੀਂ ਵੀ.ਐੱਲ.ਐੱਸ-ਟੀ.ਐੱਸ ਵੀਜ਼ੇ ਲਈ ਅਪਲਾਈ ਕਰ ਸਕਦੇ ਹੋ, ਜੇਕਰ ਤੁਸੀਂ : ਫਰੈਂਚ ਨਾਗਰਿਕ ਦੇ ਪਤੀ/ਪਤਨੀ, ਵਿਦਿਆਰਥੀ, ਇੰਟਰਨ, ਮੁਲਾਜ਼ਮ (ਵਰਕ ਪਰਮਿਟ ਵਾਲੇ), ਪੁਨਰਮੇਲ ਪ੍ਰਕਿਰਿਆ ਤਹਿਤ ਕਾਨੂੰਨੀ ਤੌਰ 'ਤੇ ਫਰਾਂਸ ਵਿਚ ਰਹਿ ਵਿਦੇਸ਼ੀ ਸ਼ਹਿਰੀ ਦੇ ਪਤੀ/ ਪਤਨੀ ਹੋ। (ਥੱਲੇ ਦੇਖੋ)

ਫਰਾਂਸ ਆਉਣ ਦੇ ਤਿੰਨ ਮਹੀਨਿਆਂ ਦੇ ਅੰਦਰ-ਅੰਦਰ ਤੁਹਾਨੂੰ ਇਮੀਗ੍ਰੇਸ਼ਨ ਤੇ ਇੰਟਰਗ੍ਰੇਸ਼ਨ ਲਈ ਫਰੈਂਚ ਦਫ਼ਤਰ , ਓ.ਐੱਫ਼.ਆਈ.ਆਈ* ਜਾਣਾ ਲਾਜ਼ਮੀ ਹੁੰਦਾ ਹੈ। ਓ.ਐੱਫ਼.ਆਈ.ਆਈ ਦੁਆਰਾ ਇਕ ਫਾਰਮ, ਜਿਸ ਨੂੰ 'ਸਰਟੀਫਿਰੇਟ ਲਈ ਬੇਨਤੀ' (demande d'attestation) ਕਿਹਾ ਜਾਂਦਾ ਹੈ, ਤਹਾਨੂੰ ਵੀਜ਼ਾ ਦੇਣ ਦੇ (ਭਾਰਤ ਵਿਚਲੇ ਫਰੈਂਚ ਦੂਤਾਵਾਸ ਵਲੋਂ) ਨਾਲ ਹੀ ਦਿੱਤਾ ਜਾਂਦਾ ਹੈ। ਓ.ਐੱਫ਼ ਆਈ.ਆਈ ਦੀ ਪੁਸ਼ਟੀ ਕਰਨ ਤੋਂ ਬਾਅਦ ਤੁਹਾਨੂੰ ਉਹ ਹੱਕ ਮਿਲ ਜਾਂਦੇ ਹਨ, ਜੋ ਰਿਹਾਇਸ਼ੀ ਪਰਮਿਟ ਵਾਲੇ ਨਾਗਰਿਕ ਨੂੰ ਪ੍ਰਾਪਤ ਹੁੰਦੇ ਹਨ। ਵੀਜ਼ਾ ਫ਼ੀਸ ਦੇ ਨਾਲ ਓ.ਐੱਫ਼ ਆਈ.ਆਈ ਵਲੋਂ ਟੈਕਸ ਦੇ ਤੌਰ 'ਤੇ ਤੁਹਾਨੂੰ (ਦਾਖ਼ਲੇ ਦੇ ਉਦੇਸ਼ ਮੁਤਾਬਕ 60 € ਤੋਂ 250 €) ਦੀ ਰਾਸ਼ੀ ਅਦਾ ਕਰਨ ਲਈ ਕਿਹਾ ਜਾਂਦਾ ਹੈ।

### 1.2.2 ਹੋਰ ਲੰਮੀ ਮਿਆਦ ਦੇ ਵੀਜ਼ੇ (ਰਿਹਾਇਸ਼ੀ ਪਰਮਿਟ ਲਈ ਅਰਜ਼ੀ ਦੇਣੀ ਚਾਹੀਦੀ ਹੈ)

ਇਹ ੩ ਮਹੀਨੇ ਲਈ ਹੁੰਦਾ ਹੈ। ਫਰਾਂਸ ਆਉਣ ਦੇ ੨ ਮਹੀਨਿਆਂ ਅੰਦਰ ਜਿਸ ਵਿਭਾਗ (Administrative) ਵਿਚ ਤੁਸੀਂ ਰਹਿ ਰਹੇ ਹੋਵੋਗੇ, ਤੁਹਾਨੂੰ ਉਸ ਜ਼ਿਲਾ ਦਫ਼ਤਰ ਪੁਲਿਸ ਹੈਡਕੁਆਟਰ (Préfecture*) (ਇੰਚਾਰਜ, ਜਨ ਸੇਵਾਵਾਂ, ਸੂਬਾਈ ਪ੍ਰਬੰਧਕੀ ਦਫ਼ਤਰ) ਵਿਚ ਰਿਹਾਇਸ਼ੀ ਪਰਮਿਟ ਲਈ ਅਪਲਾਈ ਕਰਨਾ ਪੈਂਦਾ ਹੈ।



## 2. ਫਰਾਂਸ ਵਿਚ ਰਹਿਣਾ

### 2.1 ਰਿਹਾਇਸ਼ੀ ਪਰਮਿਟ

ਫ਼ਰਾਂਸ ਵਿਚ ਰਹਿਣ ਦਾ ਅਧਿਕਾਰ ਪਰਵਾਸ ਪ੍ਰਕਿਰਿਆ ਦੀ ਧਾਰਨਾ ਉੱਤੇ ਅਧਾਰਿਤ ਹੈ। ਜਿਸ ਦਾ ਅਰਥ ਹੈ ਕਿ ਇਹ ਅਧਿਕਾਰ ਅਤੇ ਰਿਹਾਇਸ਼ੀ ਪਰਮਿਟ ਪੜ੍ਹਾਅ ਵਾਰੀ ਹਨ। ਇਸ ਲਈ ਪਹਿਲਾ ਤੁਹਾਨੂੰ ਇਕ ਸਾਲ ਦਾ ਰਿਹਾਇਸ਼ੀ ਪਰਮਿਟ ਦਿੱਤਾ ਜਾਵੇਗਾ, ਇਹ ਕਈ ਸਾਲਾਂ ਦਾ ਵੀ ਹੋ ਸਕਦਾ ਹੈ ਅਤੇ ਇਸ ਤੋਂ ਬਾਅਦ 10 ਸਾਲਾਂ ਦਾ ਰਿਹਾਇਸ਼ੀ ਕਾਰਡ ਮਿਲਦਾ ਹੈ। ਇਨ੍ਹਾਂ ਵਿਚੋਂ ਬਹੁਤੇ ਪਰਮਿਟ ਤੁਹਾਨੂੰ ਕੰਮ ਕਰਨ ਦੀ ਪ੍ਰਵਾਨਗੀ ਦਿੰਦੇ ਹਨ, (ਪਰ ਕੁਝ ਕੇਸਾਂ ਵਿਚ ਮਾਲਕ ਨੂੰ ਆਪਣੇ ਮੁਲਾਜ਼ਮਾ ਲਈ ਵਰਕ ਪਰਮਿਟ ਲੈਣ ਲਈ ਦਰਖ਼ਾਸਤ ਕਰਨੀ ਪੈਂਦੀ ਹੈ।)

18 ਸਾਲ ਤੋਂ ਵੱਧ ਉਮਰ ਵਾਲੇ ਸਾਰੇ ਗੈਰ-ਯੂਰਪੀਅਨ ਯੂਨੀਅਨ ਵਿਦੇਸ਼ੀ ਨਾਰਗਿਕ, ਜੋ ਫਰਾਂਸ ਵਿਚ ਤਿੰਨ ਮਹੀਨੇ ਤੋਂ ਵੱਧ ਸਮੇਂ ਲਈ ਰਹਿਣਾ ਚਾਹੁੰਦੇ ਹਨ, ਓਹਨਾ ਕੋਲ ਰਿਹਾਇਸ਼ੀ ਪਰਮਿਟ ਹੋਣਾ ਲਾਜ਼ਮੀ ਹੈ। ਤੁਹਾਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਤੁਸੀਂ ਇਸ (ਰਿਹਾਇਸ਼ ਪਰਮਿਟ) ਨੂੰ ਹਮੇਸ਼ਾ ਆਪਣੇ ਕੋਲ ਰੱਖੋ, ਕਿਉਂਕਿ ਪੁਲਿਸ ਤੁਹਾਨੂੰ ਕਿਸੇ ਵੀ ਸਮੇਂ ਇਹ ਦਿਖਾਉਣ ਲਈ ਕਹਿ ਸਕਦੀ ਹੈ।

ਆਮ ਤੌਰ ਉੱਤੇ ਰਿਹਾਇਸ਼ੀ ਪਰਮਿਟ ਸਿਰਫ਼ ਓਹਨਾ ਵਿਦੇਸ਼ੀਆਂ ਨੂੰ ਵੀਜ਼ੇ ਨਾਲ ਦਿੱਤਾ ਜਾਂਦਾ ਹੈ, ਜਿਹੜਾ ਨਿਯਮਿਤ ਤੌਰ ਉੱਤੇ ਫ਼ਰਾਂਸ ਆਉਂਦਾ ਹੋਵੇ ਅਤੇ ਜੋ ਨਿਯਮਿਤ ਤੌਰ ਉੱਤੇ ਮੁਲਕ ਵਿਚ ਠਹਿਰਦਾ ਹੋਵੇ। ਸੋ, ਜੇਕਰ ਫ਼ਰਾਂਸ ਵਿਚ ਲੰਬੇ ਸਮੇਂ ਲਈ ਤੁਹਾਡੇ ਪਰਿਵਾਰਕ ਜਾਂ ਨਿੱਜੀ ਸੰਬੰਧ ਹਨ, (ਜੇਕਰ ਤੁਸੀਂ ਕਿਸੇ ਰੈਗੂਲਰ ਵਿਦੇਸ਼ੀ ਨਾਗਰਿਕ ਨਾਲ ਵਿਆਹੇ ਹੋ, ਤੁਸੀਂ ਫ਼ਰਾਂਸ ਵਿਚ ਲਗਾਤਾਰ ਕਈ ਸਾਲਾਂ ਤੋਂ ਰਹਿ ਰਹੇ ਹੋ ਅਤੇ ਇਸ ਨੂੰ ਸਾਬਤ ਕਰ ਸਕਦੇ ਹੋ) ਤਾਂ ਇਹ ਸੰਭਾਵਨਾ ਹੈ ਕਿ ਉਹਨੂੰ ਇਸ ਪਰਵਾਸ ਪ੍ਰਕਿਰਿਆ ਤਹਿਤ ਵਿਚਾਰਿਆ ਜਾਂ ਸਕਦਾ ਹੈ। ਜੇਕਰ ਤੁਹਾਡੇ ਕੋਲ ਸਥਾਨਕ ਮੁਲਕ ਵਿਚ ਘੱਟੋ-ਘੱਟ 5 ਸਾਲ ਤੱਕ ਰਹਿਣ ਦਾ ਸਬੂਤ ਹੈ ਅਤੇ 12 ਸੈਲਰੀ ਸਲਿੱਪਾਂ ਦੇ ਨਾਲ ਤੁਹਾਡੇ ਕੋਲ ਰੁਜ਼ਗਾਰ ਦਾ ਕੰਨਟੈਕਟ (ਠੇਕਾ) ਦੇ ਸਕਣ ਵਾਲੇ ਵਿਅਕਤੀ ਦੀ ਸਹਿਮਤੀ ਤੇ ਟੈਕਸ ਅਦਾ ਕਰਨ ਦੇ ਦਸਤਾਵੇਜ਼ ਹਨ, ਤਾਂ ਤੁਸੀਂ ਇਸ ਪ੍ਰਕਿਰਿਆ ਰਾਹੀਂ ਰੈਗੂਲਰ

ਹੋ ਸਕਦੇ ਹੋ। ਇਸ ਨੂੰ ਫਰੈਂਚ ਭਾਸ਼ਾ ਵਿਚ **ਰੈਗੂਲਰਾਇਜੇਸ਼ਨ ਐਕਸਸ਼ੈਪਨੇਲੇ ਪਾਰ ਲੀ ਟਰਾਵਾਲੀ** ਪ੍ਰਕਿਰਿਆ ਕਿਹਾ ਜਾਂਦਾ ਹੈ। ਇਹ ਦੋਵੇਂ ਰਾਹ ਕਾਫ਼ੀ ਮੁਸ਼ਕਲ, ਗੁੰਝਲਦਾਰ ਅਤੇ ਗੈਰ-ਭਰੋਸੇਮੰਦ ਹਨ। ਇਸ ਲਈ ਪਰਵਾਸੀ ਕਾਨੂੰਨਾਂ ਦੇ ਮਾਹਿਰ ਵਕੀਲਾਂ ਜਾਂ ਪਰਵਾਸੀਆਂ ਨੂੰ ਮਦਦ ਮੁਹੱਈਆ ਕਰਵਾਉਣ ਵਾਲੇ ਸੰਗਠਨਾਂ ਦੀ ਸਹਾਇਤਾ ਲੈਣ ਦੀ ਜ਼ੋਰਦਾਰ ਸਿਫ਼ਾਰਿਸ਼ ਕੀਤੀ ਜਾਂਦੀ ਹੈ। ਇਹ ਮਾਹਿਰ ਤੁਹਾਡੀ ਇਸ ਪ੍ਰਕਿਰਿਆ ਵਿਚ ਮਦਦ ਕਰ ਸਕਦੇ ਹਨ। ਭਾਗ 10 ਵੇਖੋ – ਜੋ ਵਧੇਰੇ ਜਾਣਕਾਰੀ ਲਈ ਲਾਭਦਾਇਕ ਸੰਪਰਕ ਪ੍ਰਦਾਨ ਕਰਦਾ ਹੈ।


ਰਿਹਾਇਸ਼ੀ ਪਰਮਿਟਾਂ ਦੀਆ ਕਈ ਕੈਟਾਗਿਰੀਆਂ ਹਨ:

### 2.1.1. **ਵੀ.ਐੱਲ.ਐੱਸ-ਟੀ.ਸੀ** (visa de long séjour valant titre de séjour)

ਲੰਬੇ ਸਮੇਂ ਲਈ ਠਹਿਰਣ ਸੰਬੰਧੀ ਵੀਜ਼ਾ, ਠਹਿਰਣ ਦੇ ਰਿਹਾਇਸ਼ੀ ਪਰਮਿਟ ਦੇ ਬਰਾਬਰ ਹੈ ਜਿਸ ਦੀ ਅਵਧੀ ਵੱਧ ਤੋਂ ਵੱਧ ਇਕ ਸਾਲ ਤੱਕ ਦੀ ਹੈ। ਉੱਪਰ ਦੇਖੋ

ਤੁਹਾਡਾ ਵੀ.ਐੱਲ.ਐੱਸ –ਟੀ.ਸੀ ਖ਼ਤਮ ਹੋਣ ਤੋਂ ੨ ਮਹੀਨੇ ਪਹਿਲਾਂ ਜ਼ਿਲਾ ਪੁਲਿਸ ਹੈਡਕੁਆਟਰ (Préfecture*) ਦਫ਼ਤਰ ਕੋਲ ਰਿਹਾਇਸ਼ੀ ਪਰਮਿਟ ਲਈ ਅਰਜ਼ੀ ਦੇਣਾ ਲਾਜ਼ਮੀ ਹੁੰਦਾ ਹੈ।

### 2.1.2 **ਅਸਥਾਈ ਰਿਹਾਇਸ਼ੀ ਪਰਮਿਟ** (cartes de séjour temporaires)



ਇਹ ਵੱਧ ਤੋਂ ਵੱਧ ਇਕ ਸਾਲ ਜਾਂ ਤੁਹਾਡੇ ਮੁਲਕ ਵਿਚ ਆਉਣ ਦੇ ਉਦੇਸ਼ ਉੱਤੇ ਨਿਰਭਰ ਕਰਦਾ ਹੈ। ਇਸ ਦੇ ਤਹਿਤ 'ਵਿਦਿਆਰਥੀ', 'ਸੈਲਾਨੀ', 'ਇੰਟਰਨ', 'ਮੁਲਾਜ਼ਮ', 'ਨਿੱਜੀ ਜਾਂ ਪਰਿਵਾਰਕ ਜੀਵਨ' ਵਾਲੇ ਆਉਂਦੇ ਹਨ। ਇਸ ਕੈਟੇਗਰੀ ਤਹਿਤ ਵੀਜ਼ਾ ਅਪਲਾਈ ਕਰਨ ਲਈ ਤੁਹਾਡੇ ਕੋਲ ਪ੍ਰਮਾਣਿਤ ਵੀ.ਐੱਲ.ਐੱਸ –ਟੀ.ਐੱਸ ਵੀਜ਼ਾ ਹੋਣਾ ਚਾਹੀਦਾ ਹੈ, ਜਿਸ ਅੰਤਰਗਤ ਕੁਝ ਖ਼ਾਸ ਕੇਸਾਂ ਨੂੰ ਛੂਟ ਪ੍ਰਦਾਨ ਕੀਤੀ ਗਈ ਹੈ ਜਿਵੇਂ (ਖ਼ਾਸ ਤੌਰ 'ਤੇ ਉਹ ਵਿਦੇਸ਼ੀ ਜੋ ਨਿੱਜੀ ਜਾਂ ਪਰਿਵਾਰਕ ਤੌਰ 'ਤੇ ਪਰਮਿਟ ਅਪਲਾਈ ਕਰਦੇ ਹਨ, ਨਾਬਾਲਗ, ਫਰੈਂਚ ਬੱਚਿਆਂ ਦੇ ਮਾਤਾ-ਪਿਤਾ, ਫਰਾਂਸ 'ਚ ਜੰਮੇ–ਪੜ੍ਹੇ ਵਿਦੇਸ਼ੀ, ਵਿਦੇਸ਼ੀ ਜਿਨ੍ਹਾਂ ਦਾ ਫਰਾਂਸ ਵਿਚ ਮਜ਼ਬੂਤ ਨਿੱਜੀ ਜਾਂ ਪਰਿਵਾਰਕ ਸੰਪਰਕ ਹੋਵੇ, ਸੁਰੱਖਿਆ ਸਬਸਿਡੀਆਂ ਦਾ ਲਾਭ ਲੈ ਰਹੇ ਵਿਦੇਸ਼ੀ, ਬੇ-ਮੁਲਕੇ ਲੋਕ, ਘਰੇਲੂ ਹਿੰਸਾ, ਤਸਕਰੀ ਜਾਂ ਵੇਸਵਾ ਗਮਨੀ ਤੋਂ ਪੀੜਤ)।

'ਅਸਥਾਈ ਰਿਹਾਇਸ਼ੀ ਪਰਮਿਟ' ਦੁਆਰਾ ਇਕ ਸਾਲ ਲਗਾਤਾਰ ਫਰਾਂਸ ਵਿਚ ਰਹਿਣ ਵਾਲਾ ਵਿਅਕਤੀ 'ਬਹੁ-ਸਾਲਾ ਰਿਹਾਇਸ਼ੀ ਪਰਮਿਟ' ਲਈ ਅਪਲਾਈ ਕਰ ਸਕਦਾ ਹੈ। ਪਰ ਕੁਝ ਅਸਥਾਈ ਰਿਹਾਇਸ਼ੀ ਪਰਮਿਟ ਵਾਲੇ (ਇੰਟਰਨ ਤੇ ਸੈਲਾਨੀ) ਬਹੁ-ਸਾਲਾ ਰਿਹਾਇਸ਼ੀ ਪਰਮਿਟ ਲਈ ਅਪਲਾਈ ਨਹੀਂ ਕਰ ਸਕਦੇ, ਉਨ੍ਹਾਂ ਨੂੰ ਆਪਣਾ ਅਸਥਾਈ ਰਿਹਾਇਸ਼ੀ ਪਰਮਿਟ ਹੀ ਰੀਨਿਊ ਕਰਵਾਉਣਾ ਪਵੇਗਾ।

ਫਰਾਂਸ ਸਰਕਾਰ ਵਿਦੇਸ਼ੀ ਵਿਦਿਆਰਥੀਆਂ ਨੂੰ, ਗ੍ਰੈਜੂਏਸ਼ਨ ਤੇ ਮਾਸਟਰ ਡਿਗਰੀ ਕਰਨ ਤੋਂ ਬਾਅਦ ਫਰਾਂਸ ਵਿਚ ਰਹਿਣ ਲਈ ਇਕ ਸਾਲ ਦਾ ਅਸਥਾਈ ਨਿਵਾਸ ਪਰਮਿਟ ਜਾਂ ਸਵੈ-ਉਭਾਰ Autorisation Provisoire de Séjour (APS) ਦਿੰਦੀ ਹੈ।

ਵਿਦਿਆਰਥੀ ਇਸ ਮਿਆਦ ਦੌਰਾਨ, ਨੌਕਰੀਆਂ ਦੀ ਭਾਲ ਜਾਂ ਉਨ੍ਹਾਂ ਦੀ ਪੜ੍ਹਾਈ ਅਨੁਸਾਰ ਖੇਤਰ ਵਿਚ ਕੋਈ ਅਪਣੀ ਕੰਪਨੀ ਲਾਂਚ ਕਰਨ ਦੀ ਤਿਆਰੀ ਕਰ ਸਕਦੇ ਹਨ। ਇਸ ਮਿਆਦ ਦੌਰਾਨ ਇਹ ਲੋਕ ਵੱਧ ਤੋਂ ਵੱਧ 964 ਘੰਟੇ ਕੰਮ ਕਰਨ ਦੇ ਵੀ ਅਧਿਕਾਰਤ ਹਨ। ਭਾਰਤੀ ਵਿਦਿਆਰਥੀਆਂ ਨੂੰ ਇਕ ਸਾਲ ਵਾਧੂ ਏ.ਪੀ.ਐਸ ਦੇ ਨਵੀਨੀਕਰਨ ਕਰਨ ਦੀ ਆਗਿਆ ਦਿੱਤੀ ਜਾਂਦੀ ਹੈ।"

### 2.1.3 ਬਹੁ-ਸਾਲਾ ਰਿਹਾਇਸ਼ੀ ਪਰਮਿਟ (cartes de séjour pluriannuelles)

ਇਹ 4 ਤਰ੍ਹਾਂ ਦੇ ਹੁੰਦੇ ਹਨ :

1. ਫਰਾਂਸ ਵਿਚ ਲਗਾਤਾਰ ਇਕ ਸਾਲ ਰਹਿਣ ਵਾਲੇ ਨੂੰ ਰੈਗੂਲਰ ਬਹੁ-ਸਾਲਾ ਰਿਹਾਇਸ਼ੀ ਪਰਮਿਟ ਦਿੱਤਾ ਜਾਂਦਾ ਹੈ, ਇਹ 4 ਸਾਲ ਲਈ ਪ੍ਰਮਾਣਿਤ ਹੁੰਦਾ ਹੈ।

   ਤਿੰਨ ਹੋਰ ਕਿਸਮਾਂ ਦੇ ਪਰਮਿਟ ਦੇਸ 'ਚ ਵਿਚ ਪਹੁੰਚਣ ਤੋਂ ਬਾਅਦ ਵਿਚ ਦਿੱਤੇ ਜਾ ਸਕਦੇ ਹਨ:

2. ਗੈਰਜੂਏਟਸ ਲਈ 'ਸਕਿੱਲ ਪਾਸਪੋਰਟ' ਪਰਮਿਟ (*carte passeport talent)*, ਬਹੁਤ ਜ਼ਿਆਦਾ ਹੁਨਰਮੰਦ, ਅਕਾਦਮਿਸ਼ਨ, ਕਲਾਕਾਰ ਜਾਂ ਉਹ ਮੁਲਾਜ਼ਮ ਜਿਨ੍ਹਾਂ ਕੋਲ ਕੰਮ ਹੈ। ਇਸ ਕੈਟੇਗਰੀ ਵਿਚ ਕਿਸੇ ਵਿਦੇਸ਼ੀ ਕੰਪਨੀ ਵਲੋਂ ਆਪਣੀ ਫਰੈਂਚ ਬ੍ਰਾਂਚ ਵਿਚ ਸਥਾਨਕ ਕੰਮ ਕਰਨ ਦੇ ਅਧਿਕਾਰ ਨਾਲ ਆਉਣ ਵਾਲੇ ਮੁਲਾਜ਼ਮ ਵੀ ਆਉਂਦੇ ਹਨ। ਇਹ ਪਰਮਿਟ 4 ਸਾਲ ਲਈ ਪ੍ਰਮਾਣਿਤ ਹੁੰਦਾ ਹੈ ਅਤੇ ਰੀਨਿਊ ਕਰਵਾਇਆ ਜਾ ਸਕਦਾ ਹੈ। ਹੋਰ ਜ਼ਿਆਦਾ ਜਾਣਕਾਰੀ ਹਥਲੇ ਲਿੰਕ ਉੱਤੇ ਕਲਿਕ ਕਰਕੇ ਪ੍ਰਾਪਤ ਕੀਤੀ ਜਾ ਸਕਦੀ ਹੈ: https://france-visas.gouv.fr/fr_FR/web/france-visas/passeport-talents

3. 'ਅੰਤਰ–ਕੰਪਨੀ ਤਬਾਦਲਾ' *(salarié détaché ICT)* ਰਿਹਾਇਸ਼ੀ ਪਰਮਿਟ ਵਿਦੇਸ਼ੀ ਕੰਪਨੀ ਦੇ ਮੁਲਾਜ਼ਮਾਂ ਲਈ ਹੁੰਦਾ ਹੈ, ਜਿਸ ਦਾ ਕੌਨਟਰੈਕਟ ਵਿਦੇਸ਼ੀ ਕੰਪਨੀ ਨਾਲ ਹੁੰਦਾ ਹੈ। ਗੈਰ-ਨਵੀਨੀਕਰਣ ਦੇ ਅਧਾਰ 'ਤੇ ਇਸ ਪਰਮਿਟ ਦੀ ਮਿਆਦ ਅਸਾਈਨਮੈਂਟ ਦੀ ਮਿਆਦ ਅਨੁਸਾਰ 3 ਸਾਲਾਂ ਤੱਕ ਯੋਗ ਹੁੰਦੀ ਹੈ

4. ਸੀਜ਼ਨਲ ਵਰਕਰ ਪਰਮਿਟ, 3 ਸਾਲਾਂ ਲਈ ਹੁੰਦਾ ਹੈ। ਇਹ ਰੀਨਿਊ ਹੋ ਸਕਦਾ ਹੈ, ਇਸ ਤਹਿਤ ਬੰਦਾ ਹਰ ਸਾਲ 6 ਮਹੀਨੇ ਕੰਮ ਕਰ ਸਕਦਾ ਹੈ ਪਰ ਇਹ ਦੇਸ ਵਿਚ ਪੱਕੇ ਹੋਣ ਦਾ ਹੱਕ ਨਹੀਂ ਦਿੰਦਾ।

ਜ਼ਿਆਦਾਤਰ ਸੀਜ਼ਨਲ ਪਰਮਿਟ ਖੇਤੀਬਾੜੀ ਦੇ ਕੰਮ ਲਈ ਉੱਤਰੀ ਅਫ਼ਰੀਕਾ ਤੋਂ ਆਉਣ ਵਾਲੇ ਵਰਕਰਾਂ ਨੂੰ ਦਿੱਤਾ ਜਾਂਦਾ ਹੈ।

### 2.1.4 ਰਿਹਾਇਸ਼ੀ ਕਾਰਡ (carte de résident)

ਇਹ 10 ਸਾਲ ਲਈ ਪ੍ਰਮਾਣਿਤ ਹੁੰਦਾ ਹੈ ਅਤੇ ਰੀਨਿਊ ਹੋ ਸਕਦਾ ਹੈ। ਇਹ 2 ਤਰ੍ਹਾਂ ਦਾ ਹੁੰਦਾ ਹੈ।

- ਕੋਈ ਵੀ ਵਿਅਕਤੀ ਜਿਸ ਕੋਲ 'ਲੰਮੇ ਸਮੇਂ ਤੋਂ ਈਯੂ ਸ਼ਹਿਰੀ' ਦਾ ਹਲਫ਼ਨਾਮਾ (Self declaration) ਹੋਵੇ, ਉਸ ਨੂੰ ਇਸ ਨਾਲ ਬਿਨਾਂ ਵੀਜ਼ਾ ਹਾਸਲ ਕੀਤੇ ਕਿਸੇ ਵੀ ਯੂਰਪੀਅਨ ਮੁਲਕ ਵਿਚ ਰਹਿਣ ਦਾ ਹੱਕ ਮਿਲਦਾ ਹੈ।
- ਉਹ, ਜਿਸ ਕੋਲ ਇਹ ਹਲਫ਼ਨਾਮਾ (Self declaration) ਨਾ ਹੋਵੇ



ਜੇਕਰ ਤੁਸੀਂ ਬਹੁ-ਸਾਲਾਂ ਰਿਹਾਇਸ਼ੀ ਪਰਮਿਟ ਨਾਲ ਇਸ ਮੁਲਕ ਵਿਚ 3 ਸਾਲਾਂ ਤੋਂ ਰਹਿ ਰਹੇ ਹੋ ਤਾਂ ਤੁਸੀਂ ਰਿਹਾਇਸ਼ੀ ਕਾਰਡ ਲਈ ਅਪਲਾਈ ਕਰ ਸਕਦੇ ਹੋ। ਇਹ ਕੁਝ ਕੈਟੇਗਰੀਆਂ ਵਿਚ ਉਨ੍ਹਾਂ ਵਿਦੇਸ਼ੀਆਂ ਨੂੰ ਵੀ ਦਿੱਤਾ ਜਾਂਦਾ ਹੈ, ਜੋ ਲਗਾਤਾਰ 3 ਸਾਲ ਤੋਂ ਦੇਸ ਵਿਚ ਰਹਿ ਰਹੇ ਹੋਣ: ਫਰੈਂਚ ਨਾਗਰਿਕਾਂ ਦੇ ਪਤੀ / ਪਤਨੀ, ਫਰੈਂਚ ਬੱਚਿਆਂ ਦੇ ਮਾਤਾ-ਪਿਤਾ, ਪਰਿਵਾਰਕ ਪੁਨਰ ਮੇਲ ਤਹਿਤ ਆਏ ਲੋਕਾਂ ਦੇ ਆਸ਼ਰਿਤ (ਨਾਬਾਲਗ ਬੱਚੇ ਤੇ ਪਤੀ/ਪਤਨੀ)। ਸ਼ਰਨਾਰਥੀਆਂ ਦੇ ਮੁਲਕ ਵਿਚ ਰਹਿਣ ਦੇ ਸਮੇਂ ਨੂੰ ਧਿਆਨ ਵਿਚ ਰੱਖੇ ਬਿਨਾਂ ਇਹ ਉਨ੍ਹਾਂ ਲਈ ਵੀ ਉਪਲੱਬਧ ਹੈ।

'ਲੰਮੇਂ ਸਮੇਂ ਲਈ ਰਿਹਾਇਸ਼ੀ ਈਯੂ ਕਾਰਡ' ਹੇਠ ਲਿਖੀਆਂ ਸ਼ਰਤਾਂ ਤਹਿਤ ਹੀ ਦਿੱਤਾ ਜਾਂਦਾ ਹੈ:

- ਫਰਾਂਸ ਵਿਚ ਅਸਥਾਈ ਰਿਹਾਇਸ਼ੀ ਪਰਮਿਟ ਰਾਹੀਂ ਲਗਾਤਾਰ 5 ਸਾਲ ਤੋਂ ਰਹਿ ਰਹੇ ਵਿਅਕਤੀ ਨੂੰ ਬਹੁ-ਸਾਲਾ-ਪਰਮਿਟ ਜਾਂ ਰਿਹਾਇਸ਼ੀ-ਕਾਰਡ ਮਿਲ ਸਕਦਾ ਹੈ, ਜਿਸ ਵਿਚ ਸੁਰੱਖਿਆ ਸਬਸਿਡੀਆਂ ਦੇ ਲਾਭਪਾਤਰੀ ਅਤੇ ਉਨ੍ਹਾਂ 'ਤੇ ਆਸ਼ਿਰਤ ਲੋਕ ਸ਼ਾਮਲ ਹਨ। ਬਹੁ-ਸਾਲਾ ਹੁਨਰ ਦੇ ਪਾਸਪੋਰਟ ਪਰਮਿਟ ਧਾਰਕਾਂ ਦਾ ਲਾਜ਼ਮੀ ਤੌਰ 'ਤੇ ਯੂਰਪੀਅਨ ਯੂਨੀਅਨ ਦੇ ਮੈਂਬਰ-ਰਾਜ ਵਿਚ ਨਿਰੰਤਰ ਤੌਰ 'ਤੇ 5 ਸਾਲਾਂ ਤੱਕ ਰਹਿਣਾ ਲਾਜਮੀ ਹੁੰਦਾ ਹੈ, ਜਿਸ ਵਿਚ ਫਰਾਂਸ ਲਈ ਕੁਆਲੀਫਾਈ ਹੋਣ ਵਾਲੇ 2 ਸਾਲ ਵੀ ਸ਼ਾਮਲ ਹਨ। ਇਸ ਦੇ ਨਾਲ ਹੀ ਉਨ੍ਹਾਂ 'ਦੇ ਆਸ਼ਰਿਤ ਲੋਕਾਂ ਦੁਆਰਾ ਯੋਗਤਾ ਨੂੰ ਪੂਰਾ ਕਰਨ ਲਈ ਫਰਾਂਸ ਵਿਚ ਨਿਰੰਤਰ ਤੌਰ 'ਤੇ 5 ਸਾਲ ਬਿਤਾਏ ਹੋਣੇ ਚਾਹੀਦੇ ਹਨ।
- ਫਰੈਂਚ ਵਿਚ ਸਰਟੀਫਾਇਡ ਟੈਸਟ ਪਾਸ ਕੀਤਾ ਹੋਣਾ ਚਾਹੀਦਾ ਹੈ
- ਸੰਤੁਸ਼ਟੀਜਨਕ, ਲਗਾਤਾਰ ਤੇ ਸਥਾਈ ਆਮਦਨ ਦਿਖਾਣਾ (ਘੱਟੋ-ਘੱਟ ਕੌਮੀ ਕਿਰਤ ਉਜਰਤਾਂ ਦੇ ਬਰਾਬਰ SMIC – ਜੋ ਸਲਾਨਾ ਤਨਖ਼ਾਹ ਦਾ ਕੁੱਲ 14,400 € ਬਣਦਾ ਹੈ)।



ਤੁਹਾਡੇ ਰਿਹਾਇਸ਼ੀ ਦਸਤਾਵੇਜ਼ ਪੁਲਿਸ ਹੈਡਕੁਆਟਰ (Préfecture*) ਦਫ਼ਤਰ ਤੋਂ ਰੀਨਿਊ ਹੋਣਗੇ ਜਾਂ ਬਦਲੇ ਜਾਣਗੇ। ਫਰੈਂਚ ਨਾ ਬੋਲ ਸਕਣ ਵਾਲਿਆਂ ਲਈ ਇਹ ਇਕ ਗੁੰਝਲਦਾਰ ਪ੍ਰਕਿਰਿਆ ਹੈ, ਇਸ ਲਈ ਤੁਸੀਂ ਪਰਵਾਸੀਆਂ (immigrants*) ਦੀ ਮਦਦ ਕਰਨ ਵਾਲੀਆਂ ਸੰਸਥਾਵਾਂ ਤੋਂ ਦਿਸ਼ਾ–ਨਿਰਦੇਸ਼ ਪ੍ਰਾਪਤ ਕਰ ਸਕਦੇ ਹੋ।


ਇਕ ਵਾਰ ਪਰਮਿਟ ਪ੍ਰਾਪਤ ਕਰਨ ਦੀ ਦਿਸ਼ਾ ਵਿਚ ਤੁਹਾਨੂੰ, ਆਪਣੇ-ਆਪ ਨੂੰ ਭਾਰਤੀ ਦੂਤਾਵਾਸ ਵਿਚ ਰਜਿਸਟਰ ਕਰਵਾਉਣ ਦੀ ਸਲਾਹ ਦਿੱਤੀ ਜਾਂਦੀ ਹੈ। ਇਸ ਨਾਲ ਸੰਬੰਧਿਤ ਫਾਰਮ https://www.eoiparis.gov.in/register.php' ਤੇ ਉਪਲੱਬਧ ਹੈ। ਇਹ ਫਾਰਮ ਦੂਤਾਵਾਸ ਦੀ ਵੈੱਬਸਾਈਟ ਉੱਤੇ ਔਨਲਾਇਨ ਵੀ ਭਰਿਆ ਜਾ ਸਕਦਾ ਹੈ।

## 2.2 ਤੁਹਾਡੀ ਨਿੱਜੀ ਤੌਰ 'ਤੇ ਵਸਣ ਦੀ ਪ੍ਰਕਿਰਿਆ

ਤੁਹਾਡੇ ਰਿਹਾਇਸ਼ੀ ਪਰਮਿਟ ਨਾਲ ਸੰਬੰਧਿਤ ਪ੍ਰਕਿਰਿਆ ਭਾਵੇਂ ਉਹ ਓ.ਐੱਫ.ਆਈ.ਆਈ (Office français d'immigration et d'intégration) ਤੋਂ ਹੋਵੇ ਜਾਂ ਫਿਰ ਪੁਲਿਸ ਹੈਡਕੁਆਟਰ (Préfecture) ਤੋਂ ਹੋਵੇ, ਦਾ ਪੂਰੀ ਹੋ ਜਾਣ ਦੀ ਸਥਿਤੀ ਵਿਚ, ਤਹਾਨੂੰ ਓ.ਐੱਫ਼.ਆਈ.ਆਈ (Office français d'immigration et d'intégration) ਬੁਲਾਇਆ ਜਾਵੇਗਾ। ਨਿੱਜੀ ਇੰਟਰਵਿਊ ਦੌਰਾਨ ਤੁਹਾਡੇ ਤੋਂ ਰਿਪਬਲਿਕ ਨਾਲ ਜੁੜਨ ਵਾਲੇ ਸਮਝੌਤਾ ਪੱਤਰ (Contrat d'intégration républicaine) ਉੱਤੇ ਹਸਤਾਖ਼ਰ ਕਰਵਾਏ ਜਾਣਗੇ।ਇਸ ਦੇ ਨਾਲ ਤੁਹਾਨੂੰ ਫਰੈਂਚ ਭਾਸ਼ਾ ਦਾ ਪੱਧਰ ਸਾਬਿਤ ਕਰਨ ਲਈ ਲਿਖਤੀ ਤੇ ਜ਼ੁਬਾਨੀ ਪ੍ਰੀਖਿਆ ਪਾਸ ਕਰਨੀ ਪਵੇਗੀ। (ਸੀ.ਆਈ.ਆਰ ਦਾ ਉਦੇਸ਼ ਉਨ੍ਹਾਂ ਪਰਵਾਸੀਆਂ ਦੀਆਂ ਇੱਛਾਵਾਂ ਨਾਲ ਸੰਬੰਧਿਤ ਹੈ, ਜੋ ਲੰਮੇਂ ਸਮੇਂ ਲਈ ਫਰਾਂਸ ਵਿਚ ਰਹਿਣਾ ਚਾਹੁੰਦੇ ਹਨ ਤੇ ਇਹ ਨਿੱਜੀ ਤੌਰ 'ਤੇ ਉਨ੍ਹਾਂ ਨੂੰ ਇਸ ਪ੍ਰਕਿਰਿਆ ਨਾਲ ਜੋੜਨ ਲਈ ਹੈ)। ਜੇਕਰ ਇਹ ਏ-1 ਤੋਂ ਘੱਟ ਹੈ (ਸਾਂਝੇ ਯੂਰਪੀਅਨ ਫਰੇਮਵਰਕ ਦੇ ਹਵਾਲੇ ਮੁਤਾਬਕ) ਤਾਂ ਤੁਹਾਨੂੰ ਤੈਅ ਭਾਸ਼ਾਈ ਕੋਰਸ (ਤੁਹਾਡੇ ਮੁੱਢਲੇ ਪੱਧਰ ਮੁਤਾਬਕ 50 ਤੋਂ 200 ਘੰਟੇ) ਪਾਸ ਕਰਨਾ ਪੈਂਦਾ ਹੈ। ਇਹ ਰਿਪਬਲਿਕ ਇੰਟੀਗਰੇਸ਼ਨ ਸਮਝੌਤੇ ਦੀਆਂ ਜਰੂਰਤਾਂ ਪੂਰੀਆਂ ਕਰਨ ਅਤੇ ਤੁਹਾਡਾ ਰਿਹਾਇਸ਼ੀ ਪਰਮਿਟ ਰੀਨਿਊ ਕਰਨ ਲਈ ਜਰੂਰੀ ਸ਼ਰਤ ਵੀ ਹੈ।

## 2.3 ਪਰਿਵਾਰਕ ਪੁਨਰ-ਮਿਲਾਪ

ਪਰਿਵਾਰਕ ਪੁਨਰ-ਮਿਲਾਪ, ਬਾਰੇ ਅਰਜ਼ੀ ਦੇਣ ਲਈ ਜਰੂਰੀ ਹੈ :



- ਪ੍ਰਮਾਣਿਤ ਰਿਹਾਇਸ਼ੀ ਦਸਤਾਵੇਜ਼ (ਰਿਹਾਇਸ਼ੀ ਕਾਰਡ, ਬਹੁਸਾਲਾ ਰਿਹਾਇਸ਼ੀ ਪਰਮਿਟ ਜਾਂ ਅਸਥਾਈ ਰਿਹਾਇਸ਼ੀ ਪਰਮਿਟ )
- ਫਰਾਂਸ ਵਿਚ ਘੱਟੋ-ਘੱਟ 18 ਮਹੀਨੇ ਰਹਿਣਾ
- ਸਥਾਈ ਤੇ ਸੰਤੁਸ਼ਟੀਜਨਕ ਆਮਦਨ (ਘੱਟੋ-ਘੱਟ ਕੌਮੀ ਕਿਰਤ ਉਜਰਤਾਂ ਦੇ ਬਰਾਬਰ SMIC – ਜੋ ਸਲਾਨਾ ਤਨਖ਼ਾਹ ਦਾ ਕੁੱਲ 14,400 € ਬਣਦਾ ਹੈ)
- ਤੁਹਾਡੇ ਪਰਿਵਾਰ ਦੇ ਰਹਿਣ ਲਈ ਲੋੜੀਂਦੀ ਰਿਹਾਇਸ਼ (ਤੁਹਾਡੀ ਰਿਹਾਇਸ਼ ਢੁਕਵੀਂ ਹੈ ਜਾਂ ਨਹੀਂ ਇਸ ਦੀ ਅਨੁਕੂਲਤਾ ਦੀ ਜਾਂਚ ਲਈ ਸੋਸ਼ਲ ਵਰਕਰ ਤੁਹਾਡੇ ਘਰ ਜਾ ਸਕਦੇ ਹਨ)ਪਰਿਵਾਰ ਦੇ ਦੋ ਮੈਂਬਰਾਂ ਲਈ ਇਹ 22 m2 ਤੋਂ 28 m2, (236 to 301 sq ft), ਵਿਚਕਾਰ ਅਤੇ ੩ ਮੈਂਬਰਾਂ ਲਈ 32 ਤੇ 38 m2 (344 to 409 sq ft) ਹੋਣੀ ਚਾਹੀਦੀ ਹੈ। ਇਸ ਦੇ ਨਾਲ ਇਹ ਵੀ ਨਿਰਭਰ ਕਰਦਾ ਹੈ ਕਿ ਤੁਸੀਂ ਫਰਾਂਸ ਦੇ ਕਿਸ ਇਲਾਕੇ ਵਿਚ ਰਹਿੰਦੇ ਹੋ।

ਪਰਿਵਾਰਕ ਪੁਨਰ-ਮਿਲਾਪ ਦਾ ਹੱਕਦਾਰ ਕੌਣ ਹੈ? ਤੁਹਾਡੀ ਪਤਨੀ/ਪਤੀ ਅਤੇ ਤੁਹਾਡੇ ਨਾਬਾਲਗ ਬੱਚੇ (18 ਸਾਲ ਤੋਂ ਛੋਟੇ)। ਤੁਸੀਂ ਓ.ਐੱਫ਼.ਆਈ.ਆਈ ਦੇ ਦਫ਼ਤਰ ਜਾਂ ਦਿੱਤੇ ਗਏ ਫਾਰਮ ਦੁਆਰਾ ਅਪਲਾਈ ਕਰ ਸਕਦੇ ਹੋ : https://www.formulaires.modernisation.gouv.fr/gf/cerfa_11436_05.do

ਜੇਕਰ ਤੁਸੀਂ ਆਪਣੇ ਪਰਿਵਾਰ ਦੇ ਕਿਸੇ ਦੂਜੇ ਮੈਂਬਰ ਜਾਂ ਦੋਸਤ –ਮਿੱਤਰ ਨੂੰ ਭਾਰਤ ਤੋਂ ਸਪਾਂਸਰ ਕਰਨਾ ਚਾਹੁੰਦੇ ਹੋ ਤਾਂ ਇਸ ਦੀ ਪ੍ਰਕਿਰਿਆ ਵੱਖਰੀ ਹੈ। ਇਸ ਲਈ ਉਨ੍ਹਾਂ ਨੂੰ ਸ਼ਾਰਟ-ਸਟੇਅ ਵੀਜ਼ਾ (ਜੋ 3 ਮਹੀਨਿਆਂ ਤੋਂ ਵੱਧ ਨਹੀਂ ਹੁੰਦਾ) ਲਈ ਅਪਲਾਈ ਕਰਨਾ ਪਵੇਗਾ ਅਤੇ ਤੁਹਾਨੂੰ ਉਨ੍ਹਾਂ ਲਈ ਸਪਾਂਸਰ ਪੱਤਰ ਦੇਣਾ ਪਵੇਗਾ। ਜਿਸ ਵਿਚ ਤੁਹਾਨੂੰ ਉਨ੍ਹਾਂ ਦੇ ਫਰਾਂਸ ਵਿਚ ਸਟੇਅ ਦਾ ਖ਼ਰਚਾ ਚੁੱਕਣ ਦੀ ਜਿੰਮੇਵਾਰੀ ਲੈਣੀ ਪਵੇਗੀ। ਇਸ ਸਰਟੀਫਿਕੇਟ ਉੱਤੇ ਲੋਕਲ ਕੌਂਸਲ ਆਫ਼ਿਸ ਦੀ ਮੋਹਰ ਹੋਣੀ ਚਾਹੀਦੀ ਹੈ, ਕੌਂਸਲ ਆਫ਼ਿਸ ਦੇ ਮੁਲਾਜ਼ਮ ਅਜਿਹਾ ਕਰਨ ਤੋਂ ਇਨਕਾਰ ਵੀ ਕਰ ਸਕਦੇ ਹਨ। ਜੇਕਰ ਲੋਕਲ ਕੌਂਸਲ ਤੁਹਾਡੀ ਸਰਟੀਫਿਕੇਟ ਦੀ ਅਰਜ਼ੀ ਨੂੰ ਰੱਦ ਕਰ ਦਿੰਦੀ ਹੈਂ ਤਾਂ ਤੁਸੀਂ ਇਸ ਦੇ ਖਿਲਾਫ਼ ਅਪੀਲ ਵੀ ਕਰ ਸਕਦੇ ਹੋ। ਇਸ ਲਈ ਤੁਸੀਂ ਕਾਨੂੰਨੀ ਸੈਂਟਰ (Maison de la Justice et du Droit*, Point d'accès au Droit*) ਤੋਂ ਮੁਫ਼ਤ ਸਲਾਹ ਵੀ ਲੈ ਸਕਦੇ ਹੋ।

## 2.4 ਆਪਣੇ ਜੱਦੀ ਮੁਲਕ ਸਵੈ-ਇੱਛੁਕ ਵਾਪਸੀ 'ਚ ਸਹਾਇਤਾ (Aide au retour volontaire)

ਜੇਕਰ ਤੁਸੀਂ ਅਣ-ਪ੍ਰਮਾਣਿਤ ਸ਼ਹਿਰੀ ਹੋ, ਜੇਕਰ ਤੁਹਾਡਾ ਸ਼ਰਨਾਰਥੀ ਦਾਅਵਾ ਰੱਦ ਹੋ ਚੁੱਕਾ ਹੈ ਅਤੇ ਤੁਹਾਨੂੰ ਫਰਾਂਸ ਦਾ ਖੇਤਰ ਛੱਡਣ ਲਈ ਹੁਕਮ ਜਾਰੀ ਹੋ ਚੁੱਕੇ ਹਨ (OQTF, ਤੁਸੀਂ ਮਰਜੀ ਨਾਲ ਆਪਣੇ ਮੁਲਕ ਮੁੜਨ ਸੰਬੰਧੀ ਪ੍ਰੋਗਰਾਮ ਦਾ ਲਾਭ ਲੈ ਸਕਦੇ ਹੋ)।ਅਜਿਹੀ ਸਥਿਤੀ ਵਿਚ ਓ.ਐੱਫ਼.ਆਈ.ਆਈ ਦਫ਼ਤਰ ਤੁਹਾਡੀਆਂ ਏਅਰ ਟਿਕਟਾਂ ਦਾ ਖ਼ਰਚ ਅਦਾ ਕਰੇਗਾ ਅਤੇ ਸਥਾਨਕ ਮੁਲਕ ਨੂੰ ਛੱਡਣ ਸਮੇਂ ਕੁਝ ਰਾਸ਼ੀ (ਕਰੀਬ 650 ਯੂਰੋ) ਵੀ ਦੇਵੇਗਾ। ਤੁਸੀਂ ਸਮਾਜਕ ਰੀ-ਇੰਟਰੀਗਰੇਸ਼ਨ ਗਰਾਂਟ ਦੇ ਵੀ ਹੱਕਦਾਰ ਹੋ, ਜੋ ਤੁਹਾਨੂੰ ਤੁਹਾਡੇ ਮੁਲਕ ਵਿਚ ਨੌਕਰੀ ਦੁਆਉਣ ਅਤੇ ਕਾਰੋਬਾਰ ਸ਼ੁਰੂ ਕਰਨ ਵਿਚ ਮਦਦ ਕਰਦਾ ਹੈ।

ਹਾਲਾਂਕਿ, ਇਸ ਪ੍ਰਕਿਰਿਆ ਲਈ ਭਾਰਤੀ ਦੂਤਾਵਾਸ ਨੂੰ ਤੁਹਾਡੀ ਦੇਸ਼ ਵਾਪਸੀ ਲਈ ਐਮਰਜੈਂਸੀ ਸਰਟੀਫਿਕੇਟ ਜਾਰੀ ਕਰਨਾ ਪੈਂਦਾ ਹੈ।

## 2.5 ਅਣ-ਪ੍ਰਮਾਣਿਤ ਪਰਵਾਸੀ ਦੇ ਤੌਰ 'ਤੇ ਅਧਿਕਾਰ

ਜੇਕਰ ਪੁਲਿਸ ਤੁਹਾਨੂੰ ਪਛਾਣ-ਪੱਤਰ ਦਿਖਾਉਣ ਲਈ ਕਹਿੰਦੀ ਹੈ ਅਤੇ ਤੁਸੀਂ ਆਪਣਾ ਰਿਹਾਇਸ਼ੀ ਪਰਮਿਟ ਨਹੀਂ ਦਿਖਾ ਪਾਉਂਦੇ ਤਾਂ ਤੁਹਾਨੂੰ ਭਾਰਤ ਡਿਪੋਰਟ ਕਰਨ ਦੇ ਉਦੇਸ਼ ਨਾਲ ਪ੍ਰਬੰਧਕੀ ਡਿਟੈਂਸ਼ਨ ਸੈਂਟਰ (Centre de rétention administrative or CRA*) ਦੀ ਹਿਰਾਸਤ ਵਿਚ ਲਿਆ ਜਾ ਸਕਦਾ ਹੈ। ਜਿਸ ਡਿਟੈਂਸ਼ਨ ਸੈਂਟਰ ਵਿਚ ਤੁਹਾਨੂੰ ਨਜ਼ਰਬੰਦ ਰੱਖਿਆ ਜਾਂਦਾ ਹੈ, ਉਸ ਸੈਂਟਰ 'ਚ ਕੰਮ ਕਰਨ ਵਾਲੇ ਸੰਗਠਨਾਂ ਦੀ ਮਦਦ ਨਾਲ ਤੁਸੀਂ ਆਪਣੇ ਹੱਕਾਂ ਬਾਰੇ ਜਾਣਕਾਰੀ ਪ੍ਰਾਪਤ ਕਰ ਸਕਦੇ ਹੋ। ਆਪਣੇ ਕੇਸ ਦੀ ਪੈਰਵੀ ਕਰਨ ਲਈ ਤੁਹਾਨੂੰ ਵਕੀਲ ਦੀਆਂ ਸੇਵਾਵਾਂ ਵੀ ਲੈਣੀਆਂ ਪੈ ਸਕਦੀਆਂ ਹਨ। ਇਹ ਪ੍ਰਸ਼ਾਸਨਿਕ ਅਦਾਲਤ ਵਿਚ 48 ਘੰਟੇ ਦੇ ਅੰਦਰ-ਅੰਦਰ ਕਰਨਾ ਜਰੂਰੀ ਹੁੰਦਾ ਹੈ।

ਫਰਾਂਸ ਵਿਚ ਬਹੁਤ ਸਾਰੇ ਗਰੁੱਪ ਜਾਂ ਸੰਗਠਨ ਅਣ-ਪ੍ਰਮਾਣਿਤ ਪਰਵਾਸੀਆਂ ਦੀ ਮਦਦ ਲਈ ਕੰਮ ਕਰਦੇ ਹਨ ਅਤੇ ਉਨ੍ਹਾਂ ਨੂੰ ਕਾਨੂੰਨੀ ਸੇਵਾਵਾਂ ਪ੍ਰਦਾਨ ਕਰਦੇ ਹਨ। ਇਸ ਬਾਰੇ ਵਧੇਰੇ ਜਾਣਕਾਰੀ ਪ੍ਰਾਪਤ ਕਰਨ ਲਈ ਤੁਸੀਂ ਇਸ ਹੈਂਡਬੁੱਕ ਦੇ ਅਹਿਮ ਸੰਪਰਕ ਸੈਕਸ਼ਨ ਨੂੰ ਦੇਖ ਸਕਦੇ ਹੋ।

## 2.6 ਬੇਸਹਾਰਾ ਨਾਬਾਲਗ

ਕਾਨੂੰਨ ਮੁਤਾਬਕ ਬੇਸਹਾਰਾ ਨਾਬਾਲਗ ਬੱਚਿਆਂ (mineurs isolés étrangers) ਦੀ ਬਾਲ ਸੁਰੱਖਿਆ ਸੇਵਾਵਾਂ ਵਲੋਂ ਸੰਭਾਲ ਕੀਤੀ ਜਾਂਦੀ ਹੈ ਜਿਸ ਵਿਚ ਉਨ੍ਹਾਂ ਦੀ ਸਿੱਖਿਆ ਆਦਿ ਦਾ ਪ੍ਰਬੰਧ ਕੀਤਾ ਜਾਂਦਾ ਹੈ। ਹਾਲਾਂਕਿ ਮੁਹੱਈਆ ਕੀਤੀਆਂ ਜਾਣ ਵਾਲੀਆਂ ਸੇਵਾਵਾਂ ਵਿਚ ਸਥਾਨਕ ਅਸਮਾਨਤਾਵਾਂ ਮੌਜੂਦ ਹਨ।

# 3. ਸਮਾਜਿਕ ਸੁਰੱਖਿਆ ਤੇ ਸਿਹਤ ਸਹੂਲਤਾਂ

## 3.1 ਪੱਕੇ ਨਾਗਰਿਕਾਂ ਲਈ

ਫਰਾਂਸ ਵਿਚ ਰਹਿਣ ਤੇ ਕੰਮ ਕਰਨ ਵਾਲੇ ਸਾਰੇ ਲੋਕਾਂ ਲਈ ਸਮਾਜਿਕ ਸੁਰੱਖਿਆ (Sécurité sociale) ਨਾਲ ਜੁੜਨਾ ਲਾਜ਼ਮੀ ਹੈ। ਇਸ ਵਿਚ ਜਨ ਸਿਹਤ ਬੀਮਾ ਸਕੀਮ (Assurance maladie) ਸ਼ਾਮਲ ਹੈ, ਜਿਸ ਤਹਿਤ ਬੁਖ਼ਾਰ, ਜਣੇਪਾ, ਅਪੰਗਤਾ, ਸਨਅਤੀ ਹਾਦਸਾ ਅਤੇ ਕੰਮ ਨਾਲ ਸੰਬੰਧਿਤ ਬਿਮਾਰੀਆਂ ਕਵਰ ਹੁੰਦੀਆਂ ਹਨ। ਇਹ ਬੀਮਾ ਸਿਹਤ ਸੰਬੰਧੀ ਖ਼ਰਚੇ ਦਾ ਕੁਝ ਹਿੱਸਾ ਕਵਰ ਕਰਦੀ ਹੈ ਅਤੇ ਬਿਮਾਰੀ ਦੀ ਛੁੱਟੀ ਦੌਰਾਨ ਆਮਦਨ ਦਾ ਬਦਲ ਵੀ ਬਣਦੀ ਹੈ। ਜਨ ਸਿਹਤ ਸਕੀਮ ਵਿਚ ਸ਼ਾਮਲ ਹੋਣ ਲਈ ਤੁਹਾਨੂੰ ਆਪਣੇ ਸਥਾਨਕ ਜਨ ਸਿਹਤ ਬੀਮਾ ਦਫ਼ਤਰ (Caisse Primaire d'assurance maladie*) ਵਿਚ ਜਾਣਾ ਪਵੇਗਾ। ਨਾਬਾਲਗਾਂ ਦਾ ਬੀਮਾਂ ਉਨ੍ਹਾਂ ਦੇ ਮਾਪਿਆਂ ਨਾਲ ਹੀ ਕਵਰ ਹੋ ਜਾਂਦਾ ਹੈ। ਤੁਹਾਡੀ ਸਥਿਤੀ ਮੁਤਾਬਕ ਤੁਹਾਨੂੰ ਸਿਹਤ ਬੀਮਾ ਸਕੀਮ ਮਿਲੇਗੀ। ਇਸ ਅਧੀਨ ਤੁਹਾਨੂੰ ਰਜਿਸਟੇਸ਼ਨ ਨੰਬਰ ਮਿਲੇਗਾ, ਜਿਸ ਨਾਲ ਤੁਸੀਂ ਆਪਣੇ ਲਈ ਕਾਰਡ ਅਪਲਾਈ ਕਰ ਸਕਦੇ ਹੋ। ਇਸ ਕਾਰਡ ਉੱਤੇ ਪ੍ਰਬੰਧਕੀ ਜਾਣਕਾਰੀ ਦਿੱਤੀ ਜਾਂਦੀ ਹੈ, ਜੋ ਕਿ ਡਾਕਟਰ, ਕੈਮਿਸਟ ਤੇ ਹਸਪਤਾਲ ਨੂੰ ਚਾਹੀਦੀ ਹੁੰਦੀ ਹੈ।




ਇਸ ਦੇ ਨਾਲ ਇਹ ਵੀ ਸਲਾਹ ਦਿੱਤੀ ਜਾਂਦੀ ਹੈ ਕਿ ਤੁਸੀਂ ਸਪਲੀਮੈਂਟਰੀ ਪ੍ਰਾਈਵੇਟ ਸਿਹਤ ਬੀਮਾ ਸਕੀਮ (mutuelle) ਵੀ ਲਵੋ, ਜਿਸ ਦੁਆਰਾ ਤੁਸੀਂ ਆਪਣਾ ਉਹ ਖ਼ਰਚਾ ਵੀ ਪ੍ਰਾਪਤ ਕਰ ਸਕਦੇ ਹੋ, ਜੋ ਜਨ ਸਿਹਤ ਬੀਮਾ ਸਕੀਮ ਤਹਿਤ ਕਵਰ ਨਹੀਂ ਹੋਇਆ। ਤੁਹਾਡੇ ਆਮਦਨ ਸਰੋਤਾਂ ਦੇ ਅਧਾਰ ਉੱਤੇ ਤੁਸੀਂ ਮੁਫ਼ਤ ਸਪਲੀਮੈਂਟਰੀ ਕਵਰੇਜ (ਫਰਾਂਸ ਵਿਚ CMU-c ਦੇਖੋ) ਜਾਂ ਸਪਲੀਮੈਂਟਰੀ ਸਿਹਤ ਬੀਮੇ ਦਾ ਖ਼ਰਚ ਘਟਾਉਣ ਲਈ ਅਦਾਇਗੀ ਵਾਸਤੇ ਵਿੱਤੀ ਮਦਦ (ਫਰਾਂਸ ਵਿਚ ACS ਦੇਖੋ) ਪ੍ਰਾਪਤ ਕਰਨ ਦੇ ਹੱਕਦਾਰ ਬਣ ਸਕਦੇ ਹੋ।

ਵਿਦਿਆਰਥੀਆਂ ਲਈ ਸੈਕਸ਼ਨ 8 ਦੇਖੋ।

## 3.2 ਗੈਰ-ਦਸਤਾਵੇਜ਼ੀ ਪਰਵਾਸੀਆਂ ਲਈ ਸਿਹਤ ਸਹੂਲਤਾਂ

ਗੈਰ-ਦਸਤਾਵੇਜ਼ੀ ਪਰਵਾਸੀਆਂ ਨੂੰ ਸਰਕਾਰੀ ਸਿਹਤ ਬੀਮੇ ਅਤੇ ਸਪਲੀਮੈਂਟਰੀ ਨਿੱਜੀ ਸਿਹਤ ਬੀਮੇ, ਦੋਵੇਂ ਤਰ੍ਹਾਂ ਦੀਆਂ ਸਹੂਲਤਾਂ ਤੋਂ ਬਾਹਰ ਰੱਖਿਆ ਗਿਆ ਹੈ। ਅਸਲ ਵਿਚ ਇਨ੍ਹਾਂ ਦੋਵੇਂ ਬੀਮਾਂ ਵਾਸਤੇ ਮਾਨਤਾ ਪ੍ਰਾਪਤ ਰਿਹਾਇਸ਼ੀ ਕਾਗਜਾਂ ਦੀ ਜਰੂਰਤ ਪੈਂਦੀ ਹੈ। ਪਰ ਇਸ ਦੇ ਬਾਵਜੂਦ ਇਸ ਪ੍ਰਕਾਰ ਦੇ ਲੋਕ ਸਟੇਟ ਮੈਡੀਕਲ ਏਡ (ਸੂਬਾਈ ਸਿਹਤ ਸਹਾਇਤਾ, ਜਿਸ ਨੂੰ ਫਰੈਂਚ ਵਿਚ ਏ.ਐੱਮ.ਈ ਕਹਿੰਦੇ ਹਨ) ਲ਼ਈ ਅਪਲਾਈ ਕਰ ਸਕਦੇ ਹਨ। ਨਵਿਆਉਣਯੋਗ ਏ.ਐੱਮ.ਈ 6 ਮਹੀਨਿਆਂ ਲਈ ਵੈਦ ਹੁੰਦੀ ਹੈ ਅਤੇ ਇਸ ਵਿਚ ਸਿਹਤ ਖਰਚਿਆਂ ਨੂੰ ਸ਼ਾਮਿਲ ਕੀਤਾ ਗਿਆ ਹੈ : ਜੇਕਰ ਤੁਸੀਂ ਆਪਣਾ ਏ.ਐੱਮ.ਈ ਕਾਰਡ ਦਿਖਾ ਸਕੋ ਤਾਂ ਤੁਹਾਡੇ ਮੈਡੀਕਲ ਸਲਾਹ-ਮਸ਼ਵਰੇ, ਦਵਾਈਆਂ ਅਤੇ ਇਲਾਜ ਮੁਫ਼ਤ ਕੀਤਾ ਜਾਂਦਾ ਹੈ। ਹਾਲਾਂਕਿ ਸਿਹਤ ਦੇਖਭਾਲ ਦੇ ਪ੍ਰਬੰਧ ਜਿਨ੍ਹਾਂ ਨੂੰ ਗੈਰ-ਜ਼ਰੂਰੀ ਸਮਝਿਆ ਜਾਂਦਾ ਹੈ, ਉਨ੍ਹਾਂ ਨੂੰ ਸਿਹਤ ਬੀਮਾ ਤੋਂ ਪਹਿਲਾਂ ਦੇ ਸਮਝੌਤੇ ਦੀ ਲੋੜ ਹੁੰਦੀ ਹੈ। ਇਸ ਲਿੰਕ https://www.service-public.fr/particuliers/vosdroits/F3079 ਤੋਂ ਤੁਸੀਂ ਹੋਰ ਵਧੇਰੇ ਜਾਣਕਾਰੀ ਲਈ ਇਹ ਪ੍ਰਾਪਤ ਕਰ ਸਕਦੇ ਹੋ:। https://www.service-public.fr/particuliers/vosdroits/F3079 ਤੋਂ ਤੁਸੀਂ ਵਧੇਰੇ ਜਾਣਕਾਰੀ ਪ੍ਰਾਪਤ ਕਰ ਸਕਦੇ ਹੋ।

ਇਸ ਦੇ ਯੋਗ ਹੋਣ ਲ਼ਈ ਤੁਹਾਡਾ 3 ਮਹੀਨੇ ਲਈ ਫਰਾਂਸ ਵਿਚ ਰਹਿਣਾ ਜਰੂਰੀ ਹੈ ਅਤੇ ਤੁਹਾਡੇ ਸਰੋਤ ਇੱਕ ਤੈਅ ਸੀਮਾਂ (600€ ਪ੍ਰਤੀ ਮਹੀਨਾ) ਤੋਂ ਘੱਟ ਹੋਣੇ ਚਾਹੀਦੇ ਹਨ। ਇਸ ਬਾਰੇ ਅਪਲਾਈ ਕਰਨ ਲਈ ਤੁਹਾਨੂੰ ਸਥਾਨਕ ਸਿਹਤ ਬੀਮਾ ਦਫ਼ਤਰ ਜਾਣਾ ਪਵੇਗਾ, ਤੇ ਇੱਕ ਫਾਰਮ ਭਰਨਾ ਪਵੇਗਾ (https://www.ameli.fr/sites/default/files/formulaires/93/s3720_homol_mai_2018_version_ameli.pdf) ਅਤੇ ਹੇਠਾਂ ਦਿੱਤੇ ਦਸਤਾਵੇਜ਼ ਮੁਹੱਈਆ ਕਰਵਾਉਣੇ ਪੈਣਗੇ। ਇਸ ਲਈ ਇੱਕ ਫੋਟੋ, ਇੱਕ ਸ਼ਨਾਖ਼ਤੀ ਦਸਤਾਵੇਜ਼ , ਇੱਕ ਫਰਾਂਸ ਵਿਚ ਰਹਿਣ ਦਾ ਸਬੂਤ ਅਤੇ ਰਿਹਾਇਸ਼ ਦਾ ਸਬੂਤ ਦੇਣਾ ਪੈਂਦਾ ਹੈ।

ਏ.ਐੱਮ.ਆਈ ਲਈ ਅਪਲਾਈ ਕਰਨ ਵਾਸਤੇ ਬਿਮਾਰ ਹੋਣ ਦੀ ਉਡੀਕ ਨਹੀਂ ਕਰਨੀ ਚਾਹੀਦੀ। ਕਿਉਂ ਕਿ ਇਸ ਲਈ ਕੁਝ ਸਮਾਂ (ਪੈਰਿਸ ਵਿਚ 2 ਮਹੀਨੇ) ਲੱਗਦਾ ਹੈ ਅਤੇ ਤੁਸੀਂ ਇਸ ਦੀ ਵਰਤੋਂ ਫਰਾਂਸ ਵਿਚ ਰਹਿਣ ਦੇ ਸਬੂਤ ਵਜੋਂ ਵੀ ਕਰ ਸਕਦੇ ਹੋ।

ਸਮਾਜਿਕ ਸੁਰੱਖਿਆ ਸੇਵਾਵਾਂ ਦਾ ਪ੍ਰਬੰਧਨ ਪਰਵਾਸੀ ਸੇਵਾਵਾਂ ਤੋਂ ਵੱਖਰਾ ਹੈ ਅਤੇ ਇਨ੍ਹਾਂ ਦੇ ਮੁਲਾਜ਼ਮਾਂ ਕੋਲ ਇਹ ਅਧਿਕਾਰ ਨਹੀਂ ਹੁੰਦੇ ਕਿ ਉਹ ਇਸ ਗੈਰ ਕਾਨੂੰਨੀ ਪਰਵਾਸੀਆਂ ਬਾਰੇ ਪੁਲਿਸ ਨੂੰ ਸੂਚਿਤ ਕਰ ਸਕਣ।



ਜੇਕਰ ਤੁਹਾਡੇ ਕੋਲ ਹੁਣ ਤੱਕ ਏ.ਐੱਮ.ਈ ਨਹੀਂ ਹੈ ਤਾਂ ਵੀ ਤੁਸੀਂ PASS (Permanences d'Accès aux Soins de Santé) ਦੁਆਰਾ ਮੁਫ਼ਤ ਮੈਡੀਕਲ ਚੈੱਕਅਪ ਕਰਵਾ ਸਕਦੇ ਹੋ। ਇਹ ਸਿਹਤ ਸੇਵਾਵਾਂ (ਹੈਲਥ ਸਰਵਿਸ ਐੱਕਸੈਸ ਪੁਆਇੰਅਟ) ਜ਼ਿਆਦਾਤਰ ਹਸਪਤਾਲਾਂ ਵਿਚ ਜਾ ਫੇਰ Médecins du Monde Health Center ਤੋਂ ਵੀ ਲਿਤੀਆਂ ਜਾ ਸਕਦੀਆਂ ਹਨ ਜੋ ਕਿ (ਪਰਵਾਸੀਆਂ ਨੂੰ ਸਿਹਤ ਸਹੂਲਤਾਂ ਮੁਹੱਈਆ ਕਰਵਾਉਣ ਵਾਲੀਆਂ ਹੋਰ ਸੰਸਥਾਵਾਂ ਬਾਰੇ ਸੰਪਰਕ ਸੈਕਸ਼ਨ ਤੋਂ ਜਾਣਕਾਰੀ ਲਈ ਜਾ ਸਕਦੀ ਹੈ)। ਜਣੇਪੇ ਦੇ ਕੇਸ ਨਾਲ-ਨਾਲ ਗੰਭੀਰ ਐਮਰਜੈਂਸੀ ਦੀ ਸੂਰਤ ਵਿਚ ਵੀ ਮੁਫ਼ਤ ਇਲਾਜ ਕੀਤਾ ਜਾਂਦਾ ਹੈ, ਪਰ ਹਸਪਤਾਲ ਵਿਚ ਦਾਖ਼ਲ ਹੋਣ ਸਮੇਂ ਤੁਹਾਨੂੰ ਸਮਾਜਿਕ ਸੇਵਾਵਾਂ ਲਈ ਅਪਲਾਈ ਕਰਨਾ ਪੈਂਦਾ ਹੈ। (ਹਸਪਤਾਲ ਵਿਚ ਇਸ ਖ਼ਾਸ ਸੁਵਿਧਾ ਨੂੰ ਐਮਰਜੈਂਸੀ ਤੇ ਗੰਭੀਰ ਹੈਲਥ ਕੇਅਰ ਫੰਡ (it is called Fonds pour les soins urgents et vitaux, the Fund for urgent and vital healthcare) ਕਿਹਾ ਜਾਂਦਾ ਹੈ)।

## 4. ਰੁਜ਼ਗਾਰ

### 4.1 ਕੰਮ ਦੀ ਭਾਲ



ਰੁਜ਼ਗਾਰ ਦੀ ਭਾਲ ਕਰਨ ਵਾਲੇ ਲੋਕਾਂ ਦੀ ਸਹਾਇਤਾ ਅਤੇ ਜਾਣਕਾਰੀ ਲਈ ਸਰਕਾਰੀ ਸਰਵਿਸ ਉਪਲੱਬਧ ਹੈ, ਜੇਕਰ ਤੁਹਾਡੇ ਕੋਲ ਪ੍ਰਮਾਣਿਤ ਰਿਹਾਇਸ਼ੀ ਪੇਪਰ ਹਨ ਜੋ ਤੁਹਾਨੂੰ ਕੰਮ ਕਰਨ ਦੀ ਆਗਿਆ ਦਿੰਦੇ ਹਨ ਤਾਂ ਤੁਸੀਂ ਰੁਜ਼ਗਾਰ ਸੰਬੰਧੀ ਸਰਕਾਰੀ ਸਰਵਿਸ ਕੋਲ ਰਜਿਸਟਰ ਕਰ ਸਕਦੇ ਹੋ (ਇਨ੍ਹਾਂ ਦਫ਼ਤਰਾਂ ਦੀ ਸੂਚੀ ਇਸ ਤਰ੍ਹਾਂ ਹੈ ਦੇਖੋ: https:// lannuaire.service-public.fr/navigation/pole_emploi) ਜੇਕਰ ਤੁਹਾਡੀ ਉਮਰ 26 ਸਾਲ ਤੋਂ ਘੱਟ ਹੈ ਤਾਂ ਤੁਸੀਂ ਸਥਾਨਕ ਨੌਜਵਾਨ ਰੁਜ਼ਗਾਰ ਦਫ਼ਤਰ Mission locale* (the local youth employment office) ਨਾਲ ਸੰਪਰਕ ਕਰ ਸਕਦੇ ਹੋ।

ਇਸ ਪ੍ਰਕਿਰਿਆ ਲਈ ਤੁਸੀਂ ਔਨਲਾਇਨ ਵੀ ਰਜਿਸਟਰ ਕਰ ਸਕਦੇ ਹੋ (www.pole-emploi.fr), ਤੁਹਾਡੇ ਤੋਂ ਸ਼ਨਾਖ਼ਤੀ ਕਾਰਡ, ਰਿਹਾਇਸ਼ੀ ਪਰਮਿਟ, ਸਮਾਜਿਕ ਸੁਰੱਖਿਆ ਕਾਰਡ ਅਤੇ ਸੀ.ਵੀ ਦੀ ਮੰਗ ਕੀਤੀ ਜਾਵੇਗੀ ਅਤੇ ਇਸ ਤੋਂ ਬਾਅਦ (ਕੁਝ ਦਿਨਾਂ ਦੇ ਵਿਚ-ਵਿਚ ਹੀ) ਇੰਪਲਾਈਮੈਂਟ ਕਾਉਂਸਲਰ ਤੁਹਾਨੂੰ ਇੰਟਰਵਿਊ ਲਈ ਬੁਲਾਉਣਗੇ। ਤੁਸੀਂ ਔਨਲਾਇਨ ਨੌਕਰੀਆਂ, ਖਾਲ਼ੀ ਪੋਸਟਾਂ ਲੱਭ ਕੇ ਵੀ ਅਪਲਾਈ ਕਰ ਸਕਦੇ ਹੋ।

ਇਸ ਬਾਰੇ ਪ੍ਰਾਈਵੇਟ ਨੌਕਰੀ ਕੇਂਦਰ ਅਤੇ ਅਸਥਾਈ ਭਰਤੀ ਏਜੰਸੀਆਂ ਨਾਲ ਵੀ ਸੰਪਰਕ ਕੀਤਾ ਜਾ ਸਕਦਾ ਹੈ। (ਬਹੁਤ ਸਾਰੇ ਪਰਵਾਸੀ ਫੌਰੀ ਕੰਮਾਂ ਲਈ ਅਸਥਾਈ ਏਜੰਸੀਆਂ ਨਾਲ ਕੰਮ ਕਰ ਰਹੇ ਹਨ)

ਇਸ ਸੰਬੰਧੀ ਜਾਣਕਾਰੀ ਪ੍ਰਾਪਤ ਕਰਨ ਲਈ ਇਹ ਕੁਝ ਵੈੱਬਸਾਇਟਸ ਹਨ : https://www.indeed.fr/; https://www.keljob.com/; https://www.apec.fr/; https://www.adecco.fr/

### 4.2 ਬੇਰੁਜ਼ਗਾਰੀ ਭੱਤੇ



ਫਰਾਂਸ ਅਤੇ ਵਿਦੇਸ਼ੀ ਨਾਗਰਿਕਾਂ ਨੂੰ ਬੇਰੁਜ਼ਗਾਰੀ ਭੱਤੇ ਹਾਸਲ ਕਰਨ ਦੇ ਇੱਕੋ ਜਿਹੇ ਹੱਕ ਪ੍ਰਾਪਤ ਹਨ, ਬਸ਼ਰਤੇ ਉਨ੍ਹਾਂ ਨੇ ਘੱਟੋ-ਘੱਟ 4 ਮਹੀਨਿਆਂ ਲਈ ਕੰਮ ਕੀਤਾ ਹੋਵੇ। ਨੌਕਰੀ ਚਲੇ ਜਾਣ ਦੀ ਸਥਿਤੀ ਵਿਚ ਇਹ ਜਰੂਰੀ ਹੁੰਦਾ ਹੈ ਕਿ ਤੁਸੀਂ ਤੁਰੰਤ ਰੁਜ਼ਗਾਰ ਸੰਬੰਧੀ ਸਰਕਾਰੀ ਏਜੰਸੀ Pôle Emploi ਕੋਲ ਰਜਿਸਟਰ ਕਰੋ। ਇਸ ਲਈ ਸਭ ਤੋਂ ਅਹਿਮ ਗੱਲ ਇਹ ਹੈ ਕਿ ਤੁਹਾਨੂੰ ਦਿੱਤੇ ਹੋਏ ਦਸਤਾਵੇਜ਼ ਅਤੇ ਪਹਿਲੇ ਰੁਜ਼ਗਾਰਦਾਤਾ ਦੇ ਨੌਕਰੀ ਛੱਡਣ ਦਾ ਸਰਟੀਫਿਕੇਟ ਵੀ ਦੇਣਾ ਪਵੇਗਾ।

### 4.3 ਅਣ-ਪ੍ਰਮਾਣਿਤ ਪਰਵਾਸੀਆਂ ਦੇ ਲੇਬਰ ਅਧਿਕਾਰ

ਜੇਕਰ ਤੁਸੀਂ ਅਣ-ਪ੍ਰਮਾਣਿਤ ਪਰਵਾਸੀ ਹੋ ਤਾਂ ਤੁਹਾਡੇ ਕੋਲ ਨੌਕਰੀ ਕਰਨ ਦਾ ਅਧਿਕਾਰ ਨਹੀਂ ਹੈ। ਤੁਸੀਂ ਜਿਹੜਾ ਵੀ ਕੰਮ ਕਰੋਗੇ ਉਹ ਅਸਥਾਈ ਜਾਂ ਬਲੈਕ ਵਰਕ (travail au noir) ਮੰਨਿਆ ਜਾਂਦਾ ਹੈ। ਜਿਸ

ਦਾ ਅਰਥ ਇਹ ਹੈ ਕਿ ਤੁਹਾਡਾ ਰੁਜ਼ਗਾਰਦਾਤਾ ਤੁਹਾਡੇ ਬਾਰੇ ਪ੍ਰਸਾਸ਼ਨ ਨੂੰ ਕਿਸੇ ਵੀ ਪ੍ਰਕਾਰ ਦੀ ਜਾਣਕਾਰੀ ਨਹੀਂ ਦੇ ਸਕਦਾ ਅਤੇ ਨਾ ਹੀ ਤੁਹਾਨੂੰ ਸਮਾਜਿਕ ਸੁਰੱਖਿਆ ਹਿੱਸੇਦਾਰੀ ਤੇ ਟੈਕਸ ਦੀ ਸੁਵਿਧਾਵਾਂ ਪ੍ਰਦਾਨ ਕਰ ਸਕਦਾ ਹੈ। ਇਸ ਤੋਂ ਇਲਾਵਾ ਉਹ ਤੁਹਾਨੂੰ ਵਰਕ ਕੌਨਟਰੈਕਟ ਅਤੇ ਪੇਅ ਸਲਿੱਪ ਵੀ ਨਹੀਂ ਦੇ ਸਕਦਾ ਹੈ।

ਜੇਕਰ ਕੋਈ ਗੈਰ-ਦਸਤਾਵੇਜ਼ੀ ਕਾਮਾ ਹੈ, ਤਾਂ ਉਸ ਨੂੰ ਵੀ ਦੂਜੇ ਕਾਮਿਆਂ ਵਾਲੇ ਸਾਰੇ ਲੇਬਰ ਅਧਿਕਾਰ ਪ੍ਰਾਪਤ ਹਨ। ਸਿਧਾਂਤਕ ਤੌਰ ਉੱਤੇ ਕਿਸੇ ਵੀ ਰੁਜ਼ਗਾਰਦਾਤਾ ਦੀ ਇਹ ਜਿੰਮੇਵਾਰੀ ਬਣਦੀ ਕਿ ਉਹ ਗੈਰ-ਦਸਤਾਵੇਜ਼ੀ ਕਾਮਿਆ ਨੂੰ ਇਹ ਸੁਵਿਧਾਵਾਂ ਮੁਹੱਈਆ ਕਰਵਾਉਣ ਜੋ ਕਿ ਇਸ ਪ੍ਰਕਾਰ ਹਨ:

- ਘੱਟੋ- ਘੱਟ ਮਜ਼ਦੂਰੀ/ਉਜਰਤ (SMIC)
- ਓਵਰਟਾਈਮ ਦੇ ਘੰਟਿਆਂ ਲਈ ਅਦਾਇਗੀ (ਫਰਾਂਸ 'ਚ ਪ੍ਰਤੀ ਹਫ਼ਤੇ ਕੰਮ ਦਾ ਸਮਾਂ 35 ਘੰਟੇ ਹੁੰਦਾ ਹੈ)
- ਪੇਡ ਛੁੱਟੀਆਂ
- ਨੌਕਰੀ ਰੱਦ ਕਰਨ ਲਈ ਅਦਾਇਗੀ (3 ਮਹੀਨੇ ਲਈ ਅਦਾਇਗੀ)

ਫਰਾਂਸ ਦੇ ਲੇਬਰ ਕਾਨੂੰਨ ਮੁਤਾਬਕ ਬਲੈਕ ਵਰਕ ਦੇ ਮਾਮਲੇ ਵਿਚ ਰੁਜ਼ਗਾਰਦਾਤਾ ਨੂੰ ਜਿੰਮੇਵਾਰ ਮੰਨਿਆ ਜਾਂਦਾ ਹੈ ਅਤੇ ਮੁਲਾਜ਼ਮ ਨੂੰ ਹਾਲਾਤ ਦਾ ਪੀੜਤ। ਬਲੈਕ ਵਰਕ ਉੱਤੇ ਆਪਣੇ ਅਧਿਕਾਰਾਂ ਦੀ ਰੱਖਿਆ ਲਈ ਜਰੂਰੀ ਹੈ ਕਿ ਤੁਸੀਂ ਮੁਲਾਜ਼ਮ ਵਜੋਂ ਆਪਣੇ ਸਬੂਤ ਇਕੱਠੇ ਕਰਦੇ ਰਹੋ। ਇਹ ਵੀ ਹੋ ਸਕਦਾ ਹੈ ਕਿ ਕਿਸੇ ਸਥਿਤੀ ਅਧੀਨ ਤੁਹਾਨੂੰ ਇਹ ਸਾਬਤ ਕਰਨਾ ਪਵੇਗਾ ਕਿ ਤੁਸੀਂ ਇਸ ਅਦਾਰੇ ਨਾਲ ਕੰਮ ਕਰ ਰਹੇ ਹੋ। ਇਸ ਲਈ ਤੁਹਾਨੂੰ ਆਪਣੇ ਸਹਿਕਰਮੀਆਂ ਤੇ ਗਾਹਕਾਂ ਦੇ ਬਿਆਨ, ਫੋਟੋਜ਼, ਪੇਅਚੈੱਕ, ਰੁਜ਼ਗਾਰਦਾਤਾ ਵਲੋਂ ਭੇਜੇ ਟੈਕਸਟ ਮੈਸੇਜ ਸਬੂਤ ਵਜੋਂ ਇਕੱਠੇ ਕਰਦੇ ਰਹਿਣਾ ਚਾਹੀਦਾ ਹੈ।

ਜੇਕਰ ਤੁਸੀਂ ਗੈਰ-ਦਸਤਾਵੇਜ਼ੀ ਕਾਮੇ ਹੋ ਤੇ ਤੁਹਾਨੂੰ ਤੈਅ ਤਨਖਾਹ ਨਹੀਂ ਦਿੱਤੀ ਜਾ ਰਹੀ ਜਾਂ ਕਿਸੇ ਲੇਬਰ ਹਾਦਸੇ ਦੀ ਸੂਰਤ ਵਿਚ ਮਦਦ ਪ੍ਰਾਪਤ ਕਰਨ ਲਈ ਤੁਸੀਂ ਟਰੇਡ ਯੂਨੀਅਨ (Syndicat*) ਦੀ ਮਦਦ ਲੈ ਸਕਦੇ ਹੋ। ਲੇਬਰ ਟ੍ਰਿਬਿਊਨਲ (Conseil des Prud'hommes) ਤੱਕ ਪਹੁੰਚਣ ਤੋਂ ਪਹਿਲਾਂ ਤੁਹਾਨੂੰ ਆਪਣੇ ਰੁਜ਼ਗਾਰਦਾਤਾ ਨਾਲ ਲੇਬਰ ਝਗੜਾ ਸ਼ੁਰੂ ਕਰਨਾ ਹੀ ਪੈਣਾ ਹੈ, ਜਿਸ ਦਾ ਦੇ ਨਤੀਜੇ ਵਜੋਂ ਰੁਜ਼ਗਾਰਦਾਤਾ ਨੂੰ ਭੁਗਤਾਨ ਰੂਪ ਵਿਚ ਮੋਟੇ ਜੁਰਮਾਨੇ ਦੀ ਰਕਮ ਅਦਾ ਕਰਨੀ ਪੈ ਸਕਦੀ ਹੈ। ਇਸ ਤੋਂ ਪਹਿਲਾਂ ਕਿ ਰੁਜ਼ਗਾਰਦਾਤਾ ਤੁਹਾਡੇ ਅਣ-ਪ੍ਰਮਾਣਿਤ ਹੋਣ ਦੀ ਸ਼ਿਕਾਇਤ ਕਰੇ ਤੁਹਾਨੂੰ ਟਰੇਡ ਯੂਨੀਅਨ ਦੀ ਮਦਦ ਅਤੇ ਕਾਨੂੰਨੀ ਸਲਾਹ ਨਾਲ ਕਦਮ ਲੈਣੇ ਚਾਹੀਦੇ ਹਨ। ਤੁਹਾਨੂੰ ਮਾਮੂਲੀ ਜਿਹੀ ਫ਼ੀਸ ਨਾਲ ਯੂਨੀਅਨ ਦਾ ਮੈਂਬਰ ਬਣਨ ਲਈ ਕਿਹਾ ਜਾ ਸਕਦਾ ਹੈ। ਯੂਨੀਅਨ ਤਹਾਨੂੰ ਵਕੀਲ ਵੀ ਮੁਹੱਈਆ ਕਰਵਾ ਸਕਦੀ ਹੈ।

ਤੁਹਾਡੀ ਮੁਲਾਜ਼ਮੀਅਤ ਦੇ ਅਧਾਰ ਉੱਤੇ ਟਰੇਡ ਯੂਨੀਅਨ ਤੁਹਾਡੀ ਰਿਹਾਇਸ਼ੀ ਪਰਮਿਟ ਲੈਣ ਵਿਚ ਵੀ ਮਦਦ ਕਰ ਸਕਦੀ ਹੈ, ਪਰ ਇਸ ਦੀ ਕੋਈ ਕਾਨੂੰਨੀ ਗਾਰੰਟੀ ਨਹੀਂ ਹੈ ਕਿ ਇਹ ਤੁਹਾਨੂੰ ਮਿਲ ਜਾਵੇਗੀ, ਕਿਉਂਕਿ ਇਹ ਪੁਲਿਸ ਹੈਡਕੁਆਟਰ (Prefecture) ਦਾ ਅਧਿਕਾਰ ਖੇਤਰ ਹੈ।

## 5. ਰਿਹਾਇਸ਼

### ਫਰਾਂਸ ਵਿਚ ਰਿਹਾਇਸ਼ੀ ਥਾਂ ਲੱਭਣ ਦੇ ਦੋ ਤਰੀਕੇ ਹਨ।

– ਕਿਰਾਏ ਉੱਤੇ ਸਰਕਾਰੀ ਜਾਂ ਨਿੱਜੀ ਰਿਹਾਇਸ਼, ਤਿਆਰ ਜਾਂ ਅਧੂਰੀ ਰਿਹਾਇਸ਼

– ਜਾਇਦਾਦ ਖ਼ਰੀਦਣ ਉੱਤੇ

ਖ਼ਾਸ ਖੇਤਰਾਂ ਅੰਦਰ ਰਿਹਾਇਸ਼ੀ ਕੀਮਤ ਵਿਚ ਕਾਫ਼ੀ ਫਰਕ ਹੁੰਦਾ ਹੈ (ਪੈਰਿਸ ਅਤੇ ਇਸ ਦੇ ਖੇਤਰਾਂ ਵਿਚ ਕੀਮਤਾਂ ਮੁਲਕ ਦੇ ਦੂਜੇ ਹਿੱਸਿਆਂ ਦੇ ਮਕਾਬਲੇ ਬਹੁਤ ਵੱਧ ਹਨ)

## 5.1 ਨਿੱਜੀ ਸੈਕਟਰ 'ਚ ਕਿਰਾਏ 'ਤੇ ਰਿਹਾਇਸ਼



ਨਿੱਜੀ ਸੈਕਟਰ 'ਚ ਕਿਰਾਏ 'ਤੇ ਰਿਹਾਇਸ਼ ਦੀ ਭਾਲ : ਜਿੰਨ੍ਹਾਂ ਲੋਕਾਂ ਨੂੰ ਤੁਸੀਂ ਜਾਣਦੇ ਹੋ, ਉਨ੍ਹਾਂ ਦੀ ਮਦਦ ਰਾਹੀਂ ਤੁਸੀਂ ਕਿਰਾਏ ਦੀ ਰਿਹਾਇਸ਼ ਪ੍ਰਾਪਤ ਕਰ ਸਕਦੇ ਹੋ। ਇਸ ਬਾਰੇ ਜਾਣਕਾਰੀ ਨੂੰ ਪ੍ਰੈਸ ਵਿਚ ਦਿੱਤੇ ਵਿਗਿਆਪਨ ਜਾਂ ਵਿਸ਼ੇਸ਼ ਵੈੱਬਸਾਇਟਸ ਉੱਤੇ ਚੈੱਕ ਕੀਤਾ ਜਾ ਸਕਦਾ ਹੈ (ਜਿਵੇਂ : https://www.pap.fr/)। ਇਸ ਕੇਸ ਵਿਚ ਕਿਰਾਏ ਲਈ ਪੇਸ਼ਕਸ਼ਾਂ ਨੂੰ ਖੋਲ੍ਹਣਾ ਮੁਫ਼ਤ ਹੋਣਾ ਚਾਹੀਦਾ ਹੈ।

ਜੇਕਰ ਤੁਸੀਂ ਕਿਸੇ ਰੀਅਲ ਅਸਟੇਟ ਏਜੰਸੀ ਰਾਹੀਂ ਕਿਰਾਏ ਉੱਤੇ ਰਿਹਾਇਸ਼ ਦੀ ਭਾਲ ਕਰਦੇ ਹੋ ਤਾਂ ਉਹ ਤੁਹਾਡੇ ਤੋਂ ਇਕ ਮਹੀਨੇ ਦਾ ਕਿਰਾਇਆ, ਮਕਾਨ ਦਿਖਾਉਣ ਤੇ ਦਸਤਾਵੇਜ਼ ਤਿਆਰ ਕਰਵਾਉਣ ਲਈ ਲੈਣਗੇ।

ਕਿਸੇ ਵੀ ਸਥਿਤੀ ਵਿਚ ਲੀਜ਼ ਦੇ ਇਕਰਾਰਨਾਮੇ (ਨਿਰਧਾਰਤ ਸਥਾਨ) ਤੇ ਹਸਤਾਖ਼ਰ ਜਰੂਰ ਕਰਨੇ ਚਾਹੀਦੇ ਹਨ। ਇਹ ਆਮ ਤੌਰ ਉੱਤੇ 3 ਤੋਂ 6 ਮਹੀਨਿਆਂ ਦਾ ਹੁੰਦਾ ਹੈ, ਜੋ ਕਿ ਨਵਿਆਉਣਯੋਗ ਹੁੰਦਾ ਹੈ। ਇਸ ਤੋਂ ਇਲਾਵਾ ਤੁਹਾਨੂੰ ਇਕ ਚੈੱਕ-ਇਨ ਵਸਤੂ ਸੂਚੀ 'ਤੇ ਵੀ ਦਸਤਖ਼ਤ ਕਰਨੇ ਹੁੰਦੇ ਹਨ। ਰਿਹਾਇਸ਼ ਵਿਚ ਤੁਸੀਂ ਜੇਕਰ ਕਿਸੇ ਸਮੱਸਿਆ ਦਾ ਸਾਹਮਣਾ ਕਰਦੇ ਹੋ ਤਾਂ, ਇਸ ਨੂੰ ਉੱਥੇ ਸੂਚਿਤ ਕੀਤਾ ਜਾਣਾ ਚਾਹੀਦਾ ਹੈ।

ਤੁਹਾਨੂੰ ਇਹ ਦਸਤਾਵੇਜ਼ ਮੁਹੱਈਆ ਕਰਨ ਲਈ ਕਿਹਾ ਜਾਵੇਗਾ: ਆਈ.ਡੀ ਕਾਰਡ, ਤੁਹਾਡੀਆਂ ਅੰਤਿਮ ਤਿੰਨ ਤਨਖ਼ਾਹ ਪਰਚੀਆਂ (ਜੋ ਕਿ ਤੁਹਾਡੇ ਕਿਰਾਏ ਤੋਂ ਤਿੰਨ ਗੁਣਾਂ ਜ਼ਿਆਦਾ ਹੋਣੀਆਂ ਚਾਹੀਦੀ ਹਨ), ਤੁਹਾਡੇ ਡਿਫ਼ਾਲਟ ਹੋਣ ਦੀ ਸਥਿਤੀ ਵਿਚ, ਤੀਜੀ ਧਿਰ ਦੁਆਰਾ ਤੁਹਾਡਾ ਕਿਰਾਇਆ ਭੁਗਤਾਨ ਕਰਨ ਦੀ ਗਾਰੰਟੀ ਦੇਣੀ ਹੋਵੇਗੀ।

(ਇਹ ਤੀਜੀ ਧਿਰ ਦਾ ਵਿਅਕਤੀ ਲਾਜ਼ਮੀ ਤੌਰ 'ਤੇ ਈ.ਯੂ ਦਾ ਵਸਨੀਕ ਹੋਣਾ ਚਾਹੀਦਾ ਹੈ, ਉਸ ਨੂੰ ਆਪਣੀ ਆਮਦਨੀ ਤੇ ਆਈ.ਡੀ ਦਾ ਪ੍ਰਮਾਣ ਦੇਣ ਅਤੇ ਡਿਪਾਜ਼ਿਟ ਦੇ ਰੂਪ ਵਿੱਚ 2 ਮਹੀਨੇ ਦਾ ਕਿਰਾਇਆ ਦੇਣ ਲਈ ਕਿਹਾ ਜਾਵੇਗਾ)।

ਅਧਿਕਤਰ ਕਿਰਾਏ ਦੇ ਮਕਾਨ ਅਸੱਜਿਤ ਹੁੰਦੇ ਹਨ ਅਜਿਹੀ ਸਥਿਤੀ ਵਿਚ ਮਕਾਨ-ਮਾਲਕ ਅਤੇ ਕਿਰਾਏਦਾਰ ਦੋਹਾਂ ਲਈ  ਘਰੇਲੂ ਬੀਮਾ ਲਾਜ਼ਮੀ ਹੁੰਦਾ ਹੈ। (ਬੀਮਾ ਲਈ ਹਰੇਕ ਨੂੰ ਵੱਖਰੇ ਰੂਪ ਵਿੱਚ ਮੈਂਬਰ ਬਣਨਾ ਹੁੰਦਾ ਹੈ)।

ਕਾਨੂੰਨੀ ਕਿਰਾਇਆ ਸੰਦਰਭ ਸੂਚੀ (IRL, indice de référence des loyers) ਅਨੁਸਾਰ ਮਕਾਨ-ਮਾਲਕ ਕਾਨੂੰਨੀ ਸਾਲਾਨਾ ਕਿਰਾਇਆ ਵਧਾਉਣ ਦਾ ਹੱਕਦਾਰ ਹੁੰਦਾ ਹੈ।

ਕਿਰਾਏ ਦੀ ਰਿਹਾਇਸ਼ ਛੱਡਣ ਤੋਂ ਪਹਿਲਾਂ, ਤੁਹਾਨੂੰ 1 ਜਾਂ 2 ਮਹੀਨੇ ਦਾ ਨੋਟਿਸ ਦੇਣਾ ਹੁੰਦਾ ਹੈ। (ਇਹ ਇਸ ਗੱਲ 'ਤੇ ਵੀ ਨਿਰਭਰ ਕਰਦਾ ਹੈ ਕਿ ਤੁਹਾਡੇ ਲੀਜ਼ ਸਮਝੌਤੇ ਵਿਚ ਕੀ ਲਿਖਿਆ ਗਿਆ ਹੈ)। ਜੇਕਰ ਤੁਹਾਨੂੰ ਮਕਾਨ ਮਾਲਕ ਜਾਂ ਫਿਰ ਰੀਅਲ ਏਸ੍ਟੇਟ ਏਜੇਂਸੀ ਨਾਲ ਕੋਈ ਵੀ ਸਮੱਸਿਆ ਹੈ ਤਾਂ ਤੁਸੀਂ ਕਿਰਾਏਦਾਰ ਸੰਗਠਨ ਨਾਲ ਸੰਪਰਕ ਕਰ ਸਕਦੇ ਹੋ।

## 5. 2 ਸੋਸ਼ਲ ਹਾਊਸਿੰਗ

ਜੇਕਰ ਤੁਸੀਂ ਫਰਾਂਸ ਵਿਚ ਪੱਕੇ ਤੌਰ ਉੱਤੇ ਰਹਿਣ ਦੇ ਇਛੁੱਕ ਹੋ ਤਾਂ ਇੱਥੇ ਪਹੁੰਚਦਿਆਂ ਹੀ ਜਿੰਨੀ ਜਲਦੀ ਹੋ ਸਕੇ ਸੋਸ਼ਲ ਹਾਊਸਿੰਗ ਲਈ ਅਪਲਾਈ ਕਰ ਦਿਓ, ਤਾਂ ਜੋ ਇਹ ਨਿੱਜੀ ਰਿਹਾਇਸ਼ ਨਾਲੋਂ ਬਹੁਤ ਸਸਤੀ ਪਵੇ,(ਖ਼ਾਸ ਕਰਕੇ ਪੈਰਿਸ ਵਿਚ ਜਿੱਥੇ ਮਕਾਨ ਬਹੁਤ ਮਹਿੰਗੇ ਹਨ) ਅਤੇ ਇਸ ਨੂੰ ਪ੍ਰਾਪਤ ਕਰਨ ਵਿਚ ਲੰਮਾਂ ਸਮਾਂ (ਪੈਰਿਸ ਵਿਚ ਕਈ ਸਾਲਾਂ ਤਕ) ਵੀ ਲੱਗ ਜਾਂਦਾ ਹੈ। ਇਹ ਬਿਨਾਂ ਕੌਮੀਅਤ ਦਾ ਭੇਦਭਾਵ ਕੀਤਿਆਂ ਹਰ ਪੱਕੇ ਸ਼ਹਿਰੀ ਲਈ ਉਪਲੱਬਧ ਹੈ। ਤੁਸੀਂ ਆਪਣੀ ਅਰਜ਼ੀ ਔਨਲਾਇਨ ਵੀ ਕਰ ਸਕਦੇ ਹੋ। (https://www.demande-logement-social.gouv.fr/ ) ਅਤੇ ਤੁਹਾਨੂੰ ਇਸ ਨੂੰ ਹਰ ਸਾਲ ਨਵਿਆਉਣਾ ਪਵੇਗਾ। ਤੁਸੀਂ ਅਰਜ਼ੀ ਦੇਣ ਲਈ ਆਪਣੇ ਲੋਕਲ ਕੌਂਸਲ ਸੋਸ਼ਲ ਸਰਵਿਸ (ਸੀ.ਸੀ.ਏ.ਐਸ) (CCAS, Centre Communal d'Action Sociale*) ਜਾਂ ਫ੍ਰੀ ਲੈਟਰ- ਰਾਇਟਿੰਗ ਸਰਵਿਸ (free letter-writing services (écrivain public*) ਨਾਲ ਵੀ ਸਹਾਇਤਾ ਲਈ ਸੰਪਰਕ ਕਰ ਸਕਦੇ ਹੋ।

## 5. 3 ਜਦੋਂ ਗੈਰ-ਦਸਤਾਵੇਜ਼ੀ ਹੋਵੇ ਤਾਂ ਹਾਊਸਿੰਗ

ਜੇਕਰ ਤੁਸੀਂ ਗੈਰ-ਦਸਤਾਵੇਜ਼ੀ ਹੋ ਤਾਂ ਤੁਸੀਂ ਸੋਸ਼ਲ ਹਾਊਸਿੰਗ ਲਈ ਅਪਲਾਈ ਕਰਨ ਦੇ ਯੋਗ ਨਹੀਂ ਹੋ।

ਜਦੋਂ ਤੱਕ ਤੁਸੀਂ ਲੋੜੀਂਦੇ ਦਸਤਾਵੇਜ਼ (ਰਿਹਾਇਸ਼ੀ ਪਰਮਿਟ ਜਾਂ ਤਨਖਾਹ ਰਸੀਦ) ਜਮ੍ਹਾਂ ਨਹੀਂ ਕਰਵਾਉਂਦੇ, ਉਦੋਂ ਤੱਕ ਤੁਹਾਨੂੰ ਰਸਮੀ ਨਿੱਜੀ ਖੇਤਰ ਵਿਚ ਵੀ ਰਿਹਾਇਸ਼ ਲੱਭਣ ਵਿਚ ਕਾਫ਼ੀ ਦਿੱਕਤ ਦਾ ਸਾਹਮਣਾ ਕਰਨਾ ਪਵੇਗਾ।

ਇਸ ਲਈ ਗੈਰ-ਦਸਤਾਵੇਜ਼ੀ ਪਰਵਾਸੀ ਜਿਆਦਾਤਰ ਉਨ੍ਹਾਂ ਮਕਾਨ ਮਾਲਕਾਂ ਤੋਂ ਰਿਹਾਇਸ਼ ਕਿਰਾਏ ਉੱਤੇ ਲੈਂਦੇ ਹਨ, ਜੋ ਨਾ ਕਿਰਾਏ ਦਾ ਇਕਰਾਰਨਾਮਾ ਕਰਦੇ ਹਨ, ਨਾ ਕਿਰਾਏ ਦੀਆਂ ਰਸੀਦਾਂ ਦਿੰਦੇ ਅਤੇ ਨਾ ਹੀ ਕਾਨੂੰਨੀ ਪਤਾ ਦਿੰਦੇ ਹਨ। ਹਾਲਾਂਕਿ ਇਹ ਸਾਰਾ ਕੁਝ ਗੈਰ-ਕਾਨੂੰਨੀ ਹੁੰਦਾ ਹੈ। ਇਸ ਤਰ੍ਹਾਂ ਦੇ ਮਾਮਲੇ ਵਿਚ ਰਿਹਾਇਸ਼ ਦੀ ਕੁਆਲਟੀ ਮਾੜੀ ਹੁੰਦੀ ਹੈ ਅਤੇ ਮਾਲਕ ਕਿਰਾਇਆ ਵੀ ਵੱਧ ਲੈਂਦਾ ਹੈ।

ਬੇਘਰੇ ਲੋਕ ਅਤੇ ਗੈਰ-ਦਸਤਾਵੇਜ਼ੀ ਲੋਕ ਇਕ ਜਾਂ ਕੁਝ ਰਾਤਾਂ ਲਈ ਪਰਵਾਸੀ ਐਮਰਜੈਂਸੀ ਸ਼ੈੱਲਟਰਜ਼ ਦੀਆਂ ਐਮਰਜੈਂਸੀ ਰਿਹਾਇਸ਼ੀ ਸੇਵਾਵਾਂ ਲਈ ਵੀ ਅਪਲਾਈ https://www.paris.fr/ services-et-infos-pratiques/social-et-solidarites/personnes-en-situation-de-precarite/lieux-d-accueil-128 ਕਰ ਸਕਦੇ ਹਨ। ਇਸ ਤੋਂ ਇਲਾਵਾ ਵਸੇਬਾ ਕੇਂਦਰਾਂ ਅਤੇ ਸਮਾਜਿਕ ਮੁੜ ਵਸੇਬਾ ਕੇਂਦਰਾਂ ਦੀਆਂ ਸੇਵਾਵਾਂ ਕਈ ਮਹੀਨਿਆਂ ਤੱਕ ਲਈਆਂ ਜਾ ਸਕਦੀਆਂ ਹਨ। ਸਿੰਗਲ ਮਦਰ ਬੀਬੀਆਂ ਲਈ ਸ਼ੈੱਲਟਰ ਦੀ ਸਹੂਲਤ ਵੀ ਉਪੱਲਬਧ ਹੈ। ਇਨ੍ਹਾਂ ਸੇਵਾਵਾਂ ਨੂੰ ਪ੍ਰਾਪਤ ਕਰਨ ਲਈ ਕੋਈ ਵੀ ਵਿਅਕਤੀ ਟੋਲ ਫ੍ਰੀ ਨੰਬਰ 115 ਉੱਤੇ (ਪੂਰੇ ਪੈਰਿਸ ਜਾਂ ਆਸ-ਪਾਸ ਦੇ ਖੇਤਰਾਂ ਵਿਚ) ਡਾਇਲ ਕਰ ਸਕਦਾ ਹੈ। ਇਹ ਸੇਵਾਵਾਂ ਪੁਲਿਸ ਨਾਲ ਤੁਹਾਡੇ ਸਟੇਟਸ ਬਾਰੇ ਜਾਣਕਾਰੀ ਸਾਂਝੀ ਨਹੀਂ ਕਰਦੀਆਂ।

## 6. ਸਮਾਜਿਕ ਭੱਤੇ

ਫਰਾਂਸ ਦੇ ਰੈਗੂਲਰ ਵਾਸ਼ਿੰਦੇ ਕੋਲ ਸਮਾਜਿਕ ਭੱਤੇ ਲੈਣ ਦਾ ਅਧਿਕਾਰ ਹੈ।

ਇਸ ਨੂੰ ਅਪਲਾਈ ਕਰਨ ਲਈ ਤੁਹਾਨੂੰ ਪਰਿਵਾਰਕ ਭੱਤੇ ਫੰਡ ਦੇ ਸਥਾਨਕ ਦਫ਼ਤਰ ਜਾਣਾ ਪੈਂਦਾ ਹੈ। (Caisse d'Allocations Familiales-CAF*)

ਮੋਟੇ ਤੌਰ ਉੱਤੇ ਭੱਤੇ ਤਿੰਨ ਤਰ੍ਹਾਂ ਦੇ ਹੁੰਦੇ ਹਨ: ਗੁਜਾਰਾ ਭੱਤਾ, ਜਨਮ ਤੇ ਛੋਟੀ ਉਮਰੇ ਬੱਚੇ ਦੀ ਦੇਖ-ਭਾਲ ਲਈ ਭੱਤਾ ਅਤੇ ਖ਼ਾਸ ਉਦੇਸ਼ ਲਈ ਭੱਤੇ : ਇਹ ਲਿੰਕ ਦੇਖੋ//www.caf.fr/

### 6.1 ਮੁੱਢਲੇ ਗੁਜਾਰੇ ਭੱਤੇ

#### ਪਰਿਵਾਰਕ ਭੱਤਾ (allocations familiales)

ਪਰਿਵਾਰਕ ਭੱਤਾ ਫਰਾਂਸ ਵਿਚ ਉਸ ਪਰਿਵਾਰ ਨੂੰ ਮਿਲਦਾ ਹੈ, ਜੋ ਫਰਾਂਸ ਵਿਚ ਰਹਿ ਰਿਹਾ ਹੋਵੇ ਅਤੇ ਉਨ੍ਹਾਂ ਦੇ ਦੋ ਬੱਚੇ 20 ਸਾਲ ਦੀ ਉਮਰ ਤੋਂ ਛੋਟੇ ਹੋਣ। ਇਸ ਦੀ ਰਕਮ 131€/ਪ੍ਰਤੀ ਮਹੀਨਾ 2 ਬੱਚਿਆਂ ਲਈ ਅਤੇ 299€/ਪ੍ਰਤੀ ਮਹੀਨਾ 3 ਬੱਚਿਆਂ ਲਈ ਹੁੰਦੀ ਹੈ।

#### ਪਰਿਵਾਰਕ ਆਮਦਨੀ ਪੂਰਕ

ਇਹ ਭੱਤਾ ਉਸ ਪਰਿਵਾਰ ਨੂੰ ਮਿਲਦਾ ਹੈ, ਜਿਸ ਵਿਚ 3 ਬੱਚਿਆਂ ਦੀ ਉਮਰ 3 ਤੋਂ 21 ਸਾਲ ਦਰਮਿਆਨ ਹੁੰਦੀ ਹੋਵੇ। ਇਸ ਦੀ ਰਕਮ ਤੁਹਾਡੀ ਆਮਦਨ ਤੇ ਨਿਰਭਰ ਕਰੇਗੀ, ਜੋ ਕਿ ਇਕ ਪਰਿਵਾਰ ਲਈ 44518€ ਤੋਂ ਵੱਧ ਨਹੀਂ ਹੋਣੀ ਚਾਹੀਦੀ (ਮਿਸਾਲ ਵਜੋਂ ਜੇਕਰ ਤੁਹਾਡੇ ਤਿੰਨ ਬੱਚੇ ਹਨ ਅਤੇ ਤੁਹਾਡੀ ਆਮਦਨ 19081€ ਤੋਂ ਵੱਧ ਨਹੀਂ ਹੈ ਤਾਂ ਇਹ ਭੱਤੇ ਦੀ ਰਕਮ 257€/ਪ੍ਰਤੀ ਮਹੀਨਾ ਹੋਵੇਗੀ) ਭਾਵੇਂ ਕਿ ਇਹ ਅੰਕੜੇ ਸਮੇਂ–ਸਮੇਂ 'ਤੇ ਅੱਪਡੇਟ ਹੁੰਦੇ ਰਹਿੰਦੇ ਹਨ। ਨਵੇਂ ਅੱਪਡੇਟ ਲਈ ਕਿਰਪਾ ਕਰਕੇ ਇੱਥੇ ਦੇਖੋ: http://www.caf.fr/allocataires/droits-et-prestations/s-informer-sur-les-aides/petite-enfance/l-allocation-de-base

### 6.2 ਜਨਮ ਅਤੇ ਨਵ-ਜੰਮੇਂ ਬੱਚਿਆਂ ਦੀ ਸੰਭਾਲ



ਇਸ ਵਿਚ ਜਨਮ ਤੇ ਗੋਦ ਲੈਣ ਸੰਬੰਧੀ ਗਰਾਂਟ ਸ਼ਾਮਲ ਹਨ (941€ ਹਰ ਬੱਚੇ ਦੇ ਜਨਮ ਅਤੇ 1883€ ਗੋਦ ਲੈਣ ਵਾਲੇ ਬੱਚੇ ਲਈ)। ਜਦੋਂ ਤੱਕ ਬੱਚਾ ਤਿੰਨ ਸਾਲਾਂ ਦਾ ਨਹੀਂ ਹੋ ਜਾਂਦਾ ਤਾਂ ਤੱਕ ਬੱਚੇ ਨੂੰ ਮਾਸਿਕ ਭੱਤੇ ਵਜੋਂ (92€ ਤੋਂ 184€ ਪ੍ਰਤੀ ਮਹੀਨਾ) ਦੀ ਰਕਮ ਅਦਾ ਕੀਤੀ ਜਾਂਦੀ ਹੈ। ਜਿਵੇਂ ਕਿ ਇਸ ਉਮਰ ਵਿਚ ਬੱਚਿਆਂ ਦੀ ਦੇਖਭਾਲ ਲਈ ਮਾਪਿਆਂ ਨੂੰ ਕੰਮ ਛੱਡਣਾ ਪੈਂਦਾ ਹੈ ਜਾਂ ਫਿਰ ਪਾਰਟ ਟਾਇਮ ਕਰਨਾ ਪੈਂਦਾ ਹੈ, ਉਨ੍ਹਾਂ ਨੂੰ ਵੀ ਇਸ ਦਾ ਲਾਭ ਪ੍ਰਾਪਤ ਹੁੰਦਾ ਹੈ। ਵਧੇਰੇ ਜਾਣਕਾਰੀ ਇੱਥੋਂ ਪ੍ਰਾਪਤ ਕੀਤੀ ਜਾ ਸਕਦੀ ਹੈ : http://www.caf.fr/allocataires/droits-et-prestations/s-informer-sur-les-aides/petite-enfance/la-prime-a-la-naissance-et-la-prime-a-l-adoption

## 6.3 ਖ਼ਾਸ ਉਦੇਸ਼ਾਂ ਲਈ ਲਾਭ

ਇਹ ਕਈ ਕਿਸਮ ਦੇ ਹਨ, ਜਿਵੇਂ ਕਿ:

– ਅਪੰਗ ਬੱਚੇ ਲਈ ਸਿੱਖਿਆ ਭੱਤਾ (Allocation d'éducation de l'enfant handicapé)

– 6 ਤੋਂ 18 ਸਾਲ ਦੇ ਸਕੂਲ ਵਿਚ ਪੜ੍ਹਦੇ ਬੱਚਿਆਂ ਲਈ ਨਵੇਂ ਸਕੂਲ ਵਰ੍ਹੇ ਦੇ ਖ਼ਰਚੇ ਦੇ ਕੁਝ ਹਿੱਸੇ ਦੀ ਅਦਾਇਗੀ ਲਈ ਬੈਕ –ਟੂ ਸਕੂਲ ਭੱਤਾ : (allocation de rentrée scolaire)

ਪਰਿਵਾਰਕ ਭੱਤਿਆ ਅਤੇ ਸੀ.ਏ.ਐੱਫ਼ ਸੇਵਾਵਾਂ ਸੰਬੰਧੀ ਅੰਗਰੇਜ਼ੀ ਵਿਚ ਉਪਲੱਬਧ ਹੈਂਡਬੁੱਕ 'ਚੋਂ ਵਧੇਰੇ ਜਾਣਕਾਰੀ ਪ੍ਰਾਪਤ ਕੀਤੀ ਜਾ ਸਕਦੀ ਹੈ:

http://www.caf.fr/sites/default/files/GUIDE%20PF%202013%20ANGLAIS.pdf

## 6.4 ਬੱਚੇ ਦੀ ਦੇਖਭਾਲ



ਫਰਾਂਸ ਵਿਚ ਬੱਚੇ ਦੀ ਦੇਖਭਾਲ ਦੇ ਕਈ ਤਰੀਕੇ ਹਨ। ਹੁਨਰਮੰਦ ਸਟਾਫ਼ ਦੁਆਰਾ ਬੱਚਿਆਂ ਦੀ ਸਾਂਝੇ ਤੌਰ ਉੱਤੇ ਦੇਖਭਾਲ ਦੇ ਤਰੀਕੇ ਨੂੰ ਸਭ ਤੋਂ ਉੱਤਮ ਸਮਝਿਆ ਜਾਂਦਾ ਹੈ। ਇਹ ਬੱਚੇ ਦੇ ਭਾਵਨਾਤਮਕ, ਬੌਧਿਕ ਅਤੇ ਸਰੀਰਕ ਵਿਕਾਸ ਨੂੰ ਉਤਸ਼ਾਹਿਤ ਕਰਨ ਦਾ ਵਧੀਆਂ ਢੰਗ ਹੈ। ਇਸ ਨਾਲ ਉਨ੍ਹਾਂ ਨੂੰ ਸਮਾਜ ਵਿਚ ਵਿਚਰਨ ਅਤੇ ਸਕੂਲ ਵਿਚ ਨਰਸਰੀ ਵਿਚ ਜਾਣ ਲਈ ਤਿਆਰ ਵੀ ਕੀਤਾ ਜਾਂਦਾ ਹੈ।

ਜਿਹੜੇ ਮਾਪੇ ਕੰਮ ਕਰਦੇ ਜਾਂ ਪੜ੍ਹਦੇ ਹਨ, ਉਨ੍ਹਾਂ ਦੇ 3 ਸਾਲ ਤੋਂ ਛੋਟੀ ਉਮਰ ਦੇ ਬੱਚੇ ਦੀ ਪੂਰੇ ਦਿਨ ਲਈ ਦੇਖ-ਭਾਲ ਨਰਸਰੀ ਵਿਚ ਕੀਤੀ ਦਾ ਸਕਦੀ ਹੈ। ਖ਼ਰਚਾ ਪਰਿਵਾਰ ਦੀ ਆਮਦਨ ਉੱਤੇ ਨਿਰਭਰ ਕਰਦਾ ਹੈ। ਇਸ ਤਰ੍ਹਾਂ ਦੀ ਦੇਖਭਾਲ ਦੀ ਸਭ ਤੋਂ ਵੱਧ ਮੰਗ ਹੈ। ਇਸ ਲਈ ਗਰਭ ਦੇ ਸ਼ੁਰੂਆਤੀ ਦਿਨਾਂ ਵਿਚ ਹੀ ਰਜਿਸਟਰ ਕਰਵਾ ਲੈਣ (ਖ਼ਾਸ ਕਰਕੇ ਪੈਰਿਸ ਵਿਚ) ਦੀ ਸ਼ਿਫਾਰਿਸ਼ ਕੀਤੀ ਜਾਂਦੀ ਹੈ।

ਡੇਅ ਕੇਅਰ ਸੈਂਟਰ (halte-garderie) ਬੱਚੇ ਦੀ ਪਾਰਟ ਟਾਇਮ (ਹਰ ਹਫ਼ਤੇ ਕੁਝ ਘੰਟੇ) ਦੇਖਭਾਲ ਦੀ ਸੁਵਿਧਾ ਦਿੰਦੇ ਹਨ।

ਪ੍ਰਾਈਵੇਟ ਚਾਇਲਡ ਕੇਅਰ ਇਕ ਹੋਰ ਵਿਕਲਪ ਹੈ : ਇਸ ਵਿਚ ਸਟੇਟ ਸਰਟੀਫ਼ਾਇਡ ਨੈਨੀ (assistante maternelle), ਵਲੋਂ ਬੱਚੇ ਦੀ ਦੇਖ਼ਭਾਲ ਕੀਤੀ ਜਾਂਦੀ ਹੈ ਅਤੇ ਸਥਾਨਕ ਕੌਂਸਲ ਇਸ ਦੀ ਨਿਗਰਾਨੀ ਕਰਦੀ ਹੈ। ਇਸ ਦੀ ਫ਼ੀਸ ਆਮਦਨ ਮੁਤਾਬਕ ਹੁੰਦੀ ਹੈ।

ਵਧੇਰੇ ਜਾਣਕਾਰੀ (ਖ਼ਾਸਕਰ ਵਿੱਤੀ ਮਦਦ ਸੰਬੰਧੀ ਸਹਾਇਤਾ) ਸੀ.ਏ.ਐੱਫ਼ ਵਾਸਤੇ (Caisse d'Allocations Familiales*) CAF ਦੀ ਵੈੱਬਸਾਇਟ 'ਤੇ ਦੇਖੀ ਜਾ ਸਕਦੀ ਹੈ।

## 6.5 ਜੇਕਰ ਤੁਸੀਂ ਹਿੰਸਾ, ਘਰੇਲੂ ਬਦਸਲੂਕੀ ਅਤੇ ਤਸਕਰੀ ਤੋਂ ਪੀੜਤ ਹੋ

ਜੇਕਰ ਤੁਸੀਂ ਗੈਰ-ਦਸਤਾਵੇਜ਼ੀ ਪਰਵਾਸੀ ਵੀ ਹੋ ਅਤੇ ਤੁਹਾਨੂੰ ਘਰੇਲੂ ਹਿੰਸਾ, ਨੌਕਰੀ ਉੱਤੇ ਸੋਸ਼ਣ ਜਾਂ ਤਸਕਰੀ ਨਾਲ ਪੀੜਤ ਹੋਣਾ ਪਿਆ ਹੈ, ਤਾਂ ਵੀ ਤੁਹਾਨੂੰ ਅਧਿਕਾਰ ਪ੍ਰਾਪਤ ਹਨ ਤੇ ਕਈ ਸੰਸਥਾਵਾਂ ਇਸ ਸੰਬੰਧ ਵਿਚ ਤੁਹਾਡੀ ਮਦਦ ਕਰ ਸਕਦੀਆਂ ਹਨ। ਜਿਵੇਂ ਹੌਟ-ਲਾਇਨ, (Violences femmes info*), ਮਹਿਲਾ ਸੰਗਠਨ (le Mouvement français pour le planning familial*), ਲਾਅ ਸੈਂਟਰ, (Point d'accès au droit*) ਖ਼ਾਸ ਤੌਰ 'ਤੇ ਪਰਵਾਸੀ (Rajfire*) ਅਤੇ ਤਸਕਰੀ ਦਾ ਸ਼ਿਕਾਰ (CCEM*) ਔਰਤਾਂ ਨੂੰ ਸਮਰਪਿਤ ਆਦਿ। ਤੁਹਾਨੂੰ ਕਾਨੂੰਨੀ ਸਹਾਇਤਾ ਮੁਹੱਈਆ ਕਰਵਾਉਣ ਅਤੇ ਅਜਿਹੇ ਕੇਸਾਂ ਵਿਚ ਹਰ ਪ੍ਰਕਾਰ ਦੀ ਮਦਦ ਪ੍ਰਦਾਨ ਕਰਨ ਲਈ ਦੂਤਾਵਾਸ ਕੋਲ ਫੰਡ ਹੁੰਦਾ ਹੈ, ਤੁਸੀਂ ਉੱਥੋਂ ਵੀ ਮਦਦ ਲੈ ਸਕਦੇ ਹੋ।

## 6.6 ਜੇਕਰ ਤੁਸੀਂ ਵਿਆਹੇ ਹੋ

ਭਾਰਤੀ ਕਾਨੂੰਨ ਮੁਤਾਬਕ, ਇਹ ਜਰੂਰੀ ਹੈ ਕਿ ਜੇ ਤੁਸੀਂ ਵਿਆਹੇ ਹੋਏ ਹੋ ਤਾਂ 30 ਦਿਨਾਂ ਦੇ ਅੰਦਰ ਦੇਸ ਜਾਂ ਵਿਦੇਸ ਵਿਚ ਆਪਣਾ ਵਿਆਹ ਰਜਿਸਟਰ ਕਰਵਾਓ।

ਜੇਕਰ ਤੁਹਾਡੀ ਪਤਨੀ/ਪਤੀ ਨੇ ਕੇਸ ਕਰ ਦਿੱਤਾ ਤਾਂ ਤੁਹਾਨੂੰ ਵਿਦੇਸ਼ ਮੰਤਰਾਲੇ ਵੱਲੋਂ ਤੈਅ ਵੈੱਬਸਾਇਟ ਰਾਹੀਂ ਔਨਲਾਇਨ ਸੰਮਨ ਭੇਜੇ ਜਾਣਗੇ। ਇਸ ਤੋਂ ਇਲਾਵਾ ਜੇਕਰ ਤੁਸੀਂ ਅਦਾਲਤ ਵਿਚ ਪੇਸ਼ ਨਹੀਂ ਹੁੰਦੇ ਤਾਂ ਤੁਹਾਡੀ ਜਾਇਦਾਦ ਵੀ ਕੇਸ ਨਾਲ ਅਟੈਚ ਕੀਤੀ ਜਾ ਸਕਦੀ ਹੈ।


ਅਗਰ ਤੁਸੀਂ ਭਾਰਤੀ ਔਰਤ ਹੋ ਅਤੇ ਤੁਹਾਡੇ ਪਤੀ ਨੇ ਤੁਹਾਨੂੰ ਛੱਡ ਦਿੱਤਾ ਹੈ, ਤਾਂ ਪੈਰਿਸ ਵਿਚ ਭਾਰਤੀ ਦੂਤਾਵਾਸ ਤੁਹਾਡੇ ਕੇਸ ਦੀ ਮੈਰਿਟ ਦੇ ਅਧਾਰ ਉੱਤੇ ਤੁਹਾਨੂੰ ਵਿੱਤੀ ਜਾਂ ਕਾਨੂੰਨੀ ਸਹਾਇਤਾ ਮੁਹੱਈਆ ਕਰਵਾ ਸਕਦਾ ਹੈ।

# 7. ਸਿੱਖਿਆ, ਸਿਖਲਾਈ ਅਤੇ ਭਾਸ਼ਾਈ ਕੋਰਸ

## 7.1 ਬੱਚਿਆਂ ਲਈ ਸਿੱਖਿਆ

### 7.1.1 ਫਰੈਂਚ ਸਕੂਲ ਸਿਸਟਮ

- 6 ਤੋਂ 16 ਸਾਲ ਦੇ ਸਾਰੇ ਬੱਚਿਆ ਲਈ ਸਕੂਲ ਜਾਣਾ ਲਾਜ਼ਮੀ ਹੁੰਦਾ ਹੈ। ਸਿਤੰਬਰ 2019 ਤੋਂ ਇਹ ਤਿੰਨ ਸਾਲ ਦੇ ਬੱਚਿਆਂ ਤੋਂ ਲਾਗੂ ਹੋ ਚੁੱਕਿਆ ਹੈ। (ਇੱਥੋਂ ਤੱਕ ਕਿ ਕੁਝ ਸਕੂਲਾਂ ਵਿਚ ਸਕੂਲੀ ਸਿੱਖਿਆ 2 ਸਾਲ ਤੋਂ ਵੀ ਸ਼ੁਰੂ ਹੋ ਜਾਂਦੀ ਹੈ) 3 ਸਾਲ ਤੋਂ ਪਹਿਲਾਂ ਇਹ ਬੱਚੇ ਨਰਸਰੀ (crèche) ਵਿਚ ਜਾ ਸਕਦੇ ਹਨ। ਇਸ ਦਾ ਖ਼ਰਚ ਤੁਹਾਡੀ ਆਮਦਨ ਦੇ ਹਿਸਾਬ ਨਾਲ ਲਿਆ ਜਾਂਦਾ ਹੈ।



- ਬੱਚੇ (2 ਤੋਂ 3 ਸਾਲ ਦੀ ਉਮਰ ਤੋਂ) ਸਰਕਾਰੀ ਮੁਫ਼ਤ ਸਕੂਲਾਂ ਜਾਂ ਸਰਟੀਫ਼ਾਇਡ ਪ੍ਰਾਈਵੇਟ ਸਕੂਲਾਂ ਵਿਚ ਜਾ ਸਕਦੇ ਹਨ। ਦੋਹਾਂ ਤਰ੍ਹਾਂ ਦੇ ਸਕੂਲਾਂ ਵਿਚ ਰਾਸ਼ਟਰੀ ਸਿਲੇਬਸ ਪੜ੍ਹਾਇਆ ਜਾਂਦਾ ਹੈ। ਸਰਕਾਰੀ ਸਕੂਲ ਵਿਚ ਦਾਖ਼ਲ ਹੋਣ ਦੀਆਂ ਦੋ ਸਟੇਜਾਂ ਹਨ: ਪਹਿਲਾਂ ਤੁਹਾਨੂੰ ਆਪਣੇ ਸਥਾਨਕ ਟਾਊਨ ਹਾਲ (mairie) ਜਾਣਾ ਹੋਵੇਗਾ, ਜਿੱਥੇ ਇਹ ਤੈਅ ਕੀਤਾ ਜਾਂਦਾ ਹੈ ਕਿ ਤੁਹਾਡਾ ਬੱਚਾ ਕਿਹੜੇ ਸਕੂਲ (ਆਮ ਤੌਰ 'ਤੇ ਇਹ ਤੁਹਾਡੀ ਰਿਹਾਇਸ਼ ਦੇ ਇਲਾਕੇ ਮੁਤਾਬਕ ਤੈਅ ਹੁੰਦਾ ਹੈ) ਵਿਚ ਜਾਵੇਗਾ। ਇਸ ਪ੍ਰਕਿਰਿਆ ਅੰਤਰਗਤ ਤੁਹਾਨੂੰ ਸਕੂਲ ਦੇ ਨਾਂ ਅਤੇ ਪਤੇ ਨਾਲ ਰਜਿਸਟ੍ਰੇਸ਼ਨ ਸਰਟੀਫਿਕੇਟ ਜਾਰੀ ਕੀਤਾ ਜਾਂਦਾ ਹੈ। ਇਸ ਤੋਂ ਬਾਅਦ ਬੱਚੇ ਦਾ ਦਾਖ਼ਲਾ ਕਰਵਾਉਣ ਸੰਬੰਧੀ ਸਕੂਲ ਦੇ ਹੈੱਡ ਮਾਸਟਰ ਨੂੰ ਮਿਲਣਾ ਪੈਂਦਾ ਹੈ। ਭਾਵੇਂ ਤੁਸੀਂ ਸਾਲ ਦੇ ਮੱਧ ਵਿਚ ਆਏ ਹੋ ਤਾਂ ਵੀ ਬੱਚੇ ਦਾ ਸਕੂਲ ਵਿਚ ਦਾਖ਼ਲਾ ਕਰਾਉਣਾ ਲਾਜ਼ਮੀ ਹੁੰਦਾ ਹੈ। ਜਿਸ ਲਈ ਤੁਹਾਡੇ ਬੱਚੇ ਨੂੰ ਕਿਸੇ ਲੋਕਲ ਸਕੂਲ ਵਿਚ ਦਾਖ਼ਲਾ ਦੇਣ ਦੀ ਪੇਸ਼ਕਸ਼ ਵੀ ਕੀਤੀ ਜਾ ਸਕਦੀ ਹੈ।

| ਸਕੂਲ | ਬੱਚੇ ਦੀ ਉਮਰ | ਕਲਾਸ |
|---|---|---|
| Ecole maternelle<br>ਪ੍ਰੀ-ਸਕੂਲ | 3 ਤੋਂ 6 = 3 ਸਾਲ | ਸੈਕਸ਼ਨ, ਗਰੈਂਡੇ ਸੈਕਸ਼ਨ (Petite Section, Moyenne Section, Grande Section) |
| Ecole primaire<br>ਪ੍ਰਾਇਮਰੀ ਸਕੂਲ | 6 ਤੋਂ 11 = 5 ਸਾਲ | ਸੀ.ਪੀ (CP), ਸੀ.ਈ.ਆਈ (CEI), ਸੀ.ਈ2 (CE2), ਸੀ.ਐਮ1 (CM1), ਸੀ.ਐਮ2 (CM2), |
| Ecole primaire<br>ਲੋਅਰ ਸੈਕੰਡਰੀ | 11 ਤੋਂ 14 = 4 ਸਾਲ | 6°, 4°, 4° ਤੇ 3°<br>(Sixième, Cinquième, Quatrième, Troisième) |
| Lycée ਹਾਈ ਸਕੂਲ | 15 ਤੋਂ 18 = 3 ਸਾਲ | ਸਕੰਡੇ (Seconde), ਪ੍ਰੀਮੀਅਰੇ (Première), ਟਰਮੀਨਲੇ (Terminale) |

## 7.1.2 ਫਰੈਂਚ ਨਾ ਬੋਲਣ ਵਾਲੇ ਬੱਚਿਆਂ ਲਈ ਸਹੂਲਤ

ਫਰਾਂਸ ਪਹੁੰਚਦਿਆਂ ਹੀ ਇਨ੍ਹਾਂ ਵਿਦਿਆਰਥੀਆਂ ਦਾ ਦਾਖ਼ਲਾ ਰੈਗੂਲਰ ਕਲਾਸ ਵਿਚ ਹੁੰਦਾ ਹੈ ਅਤੇ ਫਰੈਂਚ ਨਾ ਬੋਲ ਸਕਣ ਵਾਲੇ ਬੱਚਿਆਂ ਨੂੰ ਵਿਸ਼ੇਸ ਟੀਚਿੰਗ ਨੋਨ-ਫਰੈਂਚ ਯੂਨਿਟ ਦੀ ਸਹਾਇਤਾ ਪ੍ਰਦਾਨ ਕੀਤੀ ਜਾਂਦੀ ਹੈ। ਜਦੋਂ ਤੱਕ ਇਹ ਵਿਦਿਆਰਥੀ ਸਟੈਂਡਰਡ ਕੈਰੀਕੁਲਮ ਨੂੰ ਚੰਗੀ ਤਰ੍ਹਾਂ ਸਮਝਣ ਨਹੀਂ ਲੱਗ ਜਾਂਦੇ ਉਦੋਂ ਤੱਕ ਉਨ੍ਹਾਂ ਨੂੰ ਫਰੈਂਚ ਭਾਸ਼ਾ ਵਿਚ ਨਿਪੁੰਣ ਹੋਣ ਵਿਚ ਮਦਦ ਕੀਤੀ ਜਾਂਦੀ ਹੈ।

## 7.1.3 ਜੇਕਰ ਤੁਸੀਂ ਗੈਰ-ਦਸਤਾਵੇਜ਼ੀ ਹੋ

ਫਰੈਂਚ ਅਤੇ ਅੰਤਰਰਾਸ਼ਟਰੀ ਕਾਨੂੰਨ ਹਰ ਬੱਚੇ ਨੂੰ ਸਿੱਖਿਆ ਦੀ ਗਾਰੰਟੀ ਦਿੰਦੇ ਹਨ, ਉਨ੍ਹਾਂ ਲਈ ਵੀ ਜਿੰਨ੍ਹਾਂ ਦੇ ਮਾਪੇ ਗੈਰ-ਦਸਤਾਵੇਜ਼ੀ ਪਰਵਾਸੀ ਹਨ। ਗੈਰ-ਦਸਤਾਵੇਜ਼ੀ ਮਾਪਿਆਂ ਨੂੰ ਆਪਣੇ ਬੱਚਿਆਂ ਨੂੰ ਦਾਖ਼ਲ ਕਰਾਉਣ ਸਮੇਂ ਕਈ ਪ੍ਰਕਾਰ ਦੀਆਂ ਦਿੱਕਤਾ ਦਾ ਸਾਹਮਣਾ ਕਰਨਾ ਪੈਂਦਾ ਹੈ। ਕਈ ਵਾਰ ਸਥਿਤੀ ਅਜਿਹੀ ਵੀ ਆ ਜਾਉਂਦੀ ਹੈ ਕਿ ਟਾਊਨ ਹਾਲ ਵਾਲੇ ਮਾਪਿਆਂ ਤੋਂ ਉਨ੍ਹਾਂ ਦੀ ਰਿਹਾਇਸ਼ ਦਾ ਸਬੂਤ ਮੰਗ ਲੈਂਦੇ ਹਨ। ਹਾਲਾਂਕਿ ਇਹ ਗੈਰ-ਕਾਨੂੰਨੀ ਰਵੱਈਆ ਹੈ, ਇਸ ਦੇ ਖ਼ਿਲਾਫ਼ ਪ੍ਰਬੰਧਕੀ ਅਦਾਲਤ ਕੋਲ ਅਪੀਲ ਕੀਤੀ ਜਾ ਸਕਦੀ ਹੈ। ਇਸ ਵਿਚ ਐਜੂਕੇਸ਼ਨ ਵਿਦਾਊਟ ਬਾਰਡਰ (RESF) (Réseau Education sans Frontières, Education without borders network[*]) ਵਰਗੇ ਸੰਗਠਨ ਤੁਹਾਡੀ ਸਹਾਇਤਾ ਕਰ ਸਕਦੇ ਹਨ।


## 7.2 ਬਾਲਗਾਂ ਲਈ ਸਿੱਖਿਆ ਤੇ ਹੁਨਰ ਸਿਖਲਾਈ

### 7.2.1 ਫਰੈਂਚ ਕਿੱਥੋਂ ਸਿੱਖੀਏ?

ਓ.ਐੱਫ.ਆਈ.ਆਈ (OFII) ਵਿਚ ਇੰਟਰਵਿਊ ਦੇਣ ਤੋਂ ਬਾਅਦ ਤੁਸੀਂ ਫਰੈਂਚ ਕੋਰਸ ਵਿਚ ਦਾਖ਼ਲਾ ਲੈ ਸਕਦੇ ਹੋ। (ਇਸ ਨਾਲ ਤੁਸੀਂ ਰਿਪਬਲਿਕ ਕੰਟੈਰਕਟ ਨਾਲ ਜੁੜਨ ਲਈ ਹਸਤਾਖ਼ਰ ਕਰ ਸਕੋਗੇ) ਇਹ ਕੋਰਸ ਪੂਰੀ ਤਰ੍ਹਾਂ ਮੁਫ਼ਤ ਹੁੰਦੇ ਹਨ। ਇਸ ਸੰਬੰਧੀ ਹੋਰ ਜਾਣਕਾਰੀ ਇਸ ਲਿੰਕ http://www.ofii.fr/ 'ਤੇ ਉਪਲੱਬਧ ਹੈ। ਇਹ ਕੋਰਸ ਮੁੱਢਲੀ ਪੜ੍ਹਾਈ ਤੇ ਰੈਗੂਲਰ ਪਰਵਾਸੀਆਂ ਨੂੰ ਮੁੱਖ ਰੱਖ ਕੇ ਹੀ ਤਿਆਰ ਕੀਤੇ ਹੁੰਦੇ ਹਨ। (ਓ.ਐੱਫ.ਆਈ.ਆਈ (OFII) ਦੇ ਅਧਿਕਾਰੀ ਤੁਹਾਨੂੰ ਅਜਿਹੇ ਕੋਰਸਾਂ ਵਿਚ ਦਾਖ਼ਲ ਹੋਣ ਲਈ ਹਰ ਤਰ੍ਹਾਂ ਦੀ ਜਾਣਕਾਰੀ ਦੇ ਦਿੰਦੇ ਹਨ)

ਜੇਕਰ ਤੁਸੀਂ ਗੈਰ-ਦਸਤਾਵੇਜ਼ੀ ਹੋ ਅਤੇ ਫਰੈਂਚ ਦੀ ਮੁੱਢਲੀ ਜਾਣਕਾਰੀ ਨੂੰ ਵਧਾਉਣਾ ਚਾਹੁੰਦੇ ਹੋ ਤਾਂ ਤੁਹਾਡੇ ਕੋਲ ਮੁਫ਼ਤ ਕੋਰਸ ਕਰਨ ਲਈ ਅਨੇਕਾਂ ਥਾਵਾਂ ਜਿਵੇਂ; ਸਵੈ-ਸੇਵੀ ਸੰਗਠਨ, ਮਿਊਂਸਪਲ ਲਾਇਬ੍ਰੇਰੀਆਂ, ਸਿਟੀ ਕੌਂਸਲ ਆਦਿ ਸੰਸਥਾਨ ਉਪਲੱਬਧ ਹਨ। ਪੈਰਿਸ ਅਤੇ ਇਸ ਦੇ ਨੇੜਲੇ ਖੇਤਰਾਂ ਵਿਚ ਇਸ ਤਰ੍ਹਾਂ ਦੇ ਬਹੁਤ ਸਾਰੇ ਕੋਰਸ ਕਰਵਾਏ ਜਾਂਦੇ ਹਨ, ਪਰ ਇਨ੍ਹਾਂ ਦੀ ਮੰਗ ਬਹੁਤ ਜ਼ਿਆਦਾ ਹੈ। ਇਸ ਲਈ ਕੁਝ ਕੋਰਸਾਂ ਵਿਚ ਭੀੜ ਵੀ ਕਾਫ਼ੀ ਹੁੰਦੀ ਹੈ। ਸਿਰਫ਼ ਪੈਰਿਸ ਸਿਟੀ ਕੌਂਸਲ (cours municipaux pour adultes) ਨੂੰ ਛੱਡ ਕੇ ਜੋ ਰਜਿਸਟਰਸ਼ਨ ਫ਼ੀਸ ਲੈ ਕੇ ਕੋਰਸ ਕਰਵਾਉਂਦੀ ਹੈ, ਬਾਕੀ ਸਾਰੇ ਮੁਫ਼ਤ 'ਚ ਕੋਰਸ ਕਰਾਉਂਦੇ ਹਨ। ਅਜਿਹੇ ਹੀ ਕੁਝ ਕੋਰਸ ਮਿਊਂਸਪਲ ਲਾਇਬ੍ਰੇਰੀਆ ਵਿਚ ਵੀ ਕਰਵਾਏ ਜਾਂਦੇ ਹਨ, ਪਰ ਇਨ੍ਹਾਂ ਦੀ ਐਡਵਾਸ ਰਜਿਸਟ੍ਰੇਸ਼ਨ ਨਹੀਂ ਹੁੰਦੀ, ਜਿਆਦਾਤਰ ਮੁਫ਼ਤ ਹੀ ਹੁੰਦੇ ਹਨ। (ਸੰਪਰਕ ਸੈਕਸ਼ਨ ਦੇਖੋ)

### 7. 2.2 ਹੁਨਰ ਸਿਖਲਾਈ ਤੇ ਪੇਸ਼ੇਵਰ ਸਿੱਖਿਆ



ਜੇਕਰ ਤੁਸੀਂ ਬੇਰੁਜ਼ਗਾਰ ਹੋ ਤਾਂ ਆਪਣੇ ਹੁਨਰ ਨੂੰ ਵਿਕਸਤ ਕਰਨ ਲਈ ਅਤੇ ਆਪਣੇ ਪੂਰੇ ਕਰੀਅਰ ਦੌਰਾਨ ਯੋਗਤਾ ਨੂੰ ਵਧਾਉਣ ਲਈ ਕੋਰਸ ਕਰ ਸਕਦੇ ਹੋ। ਇਕ ਮੁਲਾਜ਼ਮ ਹੋਣ ਦੇ ਨਾਤੇ ਤੁਸੀਂ ਆਪਣੀ ਸਕਿੱਲ ਟ੍ਰੇਨਿੰਗ ਵਧਾਉਣ ਦੇ ਹੱਕਦਾਰ ਹੋ। ਟ੍ਰੇਨਿੰਗ ਪ੍ਰਾਪਤ ਕਰਨ ਦੇ ਖ਼ਰਚ ਦਾ ਕੁਝ ਹਿੱਸਾ ਤੁਹਾਡੇ ਰੁਜ਼ਗਾਰਦਾਤਾ ਦੁਆਰਾ ਅਦਾ ਕੀਤਾ ਜਾਂਦਾ ਹੈ। ਇਹ ਤੁਹਾਡੀ ਕੰਪਨੀ ਦੇ ਟ੍ਰੇਨਿੰਗ ਪ੍ਰੋਗਰਾਮ ਦਾ ਹਿੱਸਾ ਜਾਂ ਤੁਹਾਡੀ ਪਹਿਲਕਦਮੀ ਵੀ ਹੋ ਸਕਦੀ ਹੈ।

ਹਰ ਮੁਲਾਜ਼ਮ ਦਾ ਨਿੱਜੀ ਟ੍ਰੇਨਿੰਗ ਖਾਤਾ ਹੁੰਦਾ ਹੈ ਅਤੇ ਜੇਕਰ ਉਹ ਇਕ ਸਾਲ ਕੰਮ ਕਰਦਾ ਹੈ ਤਾਂ ਇਸ ਮੁਤਾਬਕ ਉਸ ਦਾ 24 ਘੰਟੇ ਦਾ ਕੋਰਸ ਬਣਦਾ ਹੈ।

ਤੁਸੀਂ ਆਪਣੇ ਕੰਮ ਵਾਲੀ ਥਾਂ ਉੱਤੇ ਟਰੇਡ ਯੂਨੀਅਨ ਤੇ Greta* (public adult education centers) ਤੋਂ ਇਸ ਬਾਰੇ ਹੋਰ ਵੱਧ ਜਾਣਕਾਰੀ ਲੈ ਸਕਦੇ ਹੋ। (ਪਬਲਿਕ ਅਡੱਲਟ ਐਜੂਕੇਸ਼ਨ ਸੈਂਟਰ)

## 8. ਫਰਾਂਸ ਵਿਚ ਪੜ੍ਹਾਈ

ਕੈਂਪਸ ਫਰਾਂਸ-ਇੰਡੀਆ ਵੈੱਬਸਾਇਟ ਉੱਤੇ ਫਰਾਂਸ ਵਿਚ ਪੜ੍ਹਾਈ ਬਾਰੇ ਸਮੁੱਚੀ ਜਾਣਕਾਰੀ ਅੰਗਰੇਜ਼ੀ ਭਾਸ਼ਾ ਵਿਚ ਉਪਲੱਬਧ ਹੈ। ਇਸ ਦੀ ਵੈੱਬਸਾਇਟ (https://www.inde.campusfrance.org/) ਹੈ।

### 8.1 ਫਰਾਂਸ ਯੂਨੀਵਰਸਿਟੀ ਤੇ ਪ੍ਰਾਈਵੇਟ ਉਚੇਰੀ ਸਿੱਖਿਆ ਸੰਸਥਾਨ



ਜੋ ਵੀ ਫ੍ਰੈਂਚ ਪਬਲਿਕ/ਸਰਕਾਰੀ ਯੂਨੀਵਰਸਿਟੀਆਂ ਵਿਚ ਅਪਲਾਈ ਕਰਨਾ ਚਾਹੁੰਦਾ ਹੈ, ਤਾਂ ਤੁਹਾਨੂੰ ਆਨਲਾਈਨ ਪਲਟੇਫ਼ਾਰਮ (Etudes en France-'Study in France') ਦੁਆਰਾ ਇਸ ਬਾਰੇ ਬੇਨਤੀ ਕਰਨੀ ਹੋਵੇਗੀ। ਇਹ ਵੀਜ਼ਾ ਅਰਜ਼ੀ ਤੋਂ ਦਾਖ਼ਲੇ ਦੀ ਸਾਰੀ ਪ੍ਰਕਿਰਿਆ ਦਾ ਪ੍ਰਬੰਧ ਕਰਦਾ ਹੈ। (https://pastel.diplomatie.gouv.fr/etudesenfrance/dyn/public/authentification/login.html) ਤੁਹਾਨੂੰ ਆਪਣੀ ਇਲੈਕ੍ਟ੍ਰੋਨਿਕ ਫਾਇਲ ਬਣਾਉਣੀ ਪਵੇਗੀ ਅਤੇ ਇਸ ਲਈ ਤੁਹਾਨੂੰ 15500 ਭਾਰਤੀ ਰੁਪਏ ਅਦਾ ਕਰਨੇ ਪੈਣਗੇ।

- ਬੀ.ਏ ਦੀ ਡਿਗਰੀ ਦੇ ਪਹਿਲੇ ਭਾਗ ਲਈ ਅਪਲਾਈ ਕਰਨਾ ('L1'): ਸਭ ਤੋਂ ਪਹਿਲਾਂ ਤੁਹਾਨੂੰ ਸਟੱਡੀ ਇੰਨ ਫਰਾਂਸ ਪਲੇਟਫ਼ਾਰਮ ਉੱਤੇ ਮੁੱਢਲੀ ਦਾਖ਼ਲਾ ਅਰਜ਼ੀ (DPA) ਦੇਣੀ ਪੈਂਦੀ ਹੈ ਅਤੇ ਫਿਰ ਸਟੱਡੀ ਇੰਨ ਫਰਾਂਸ ਦੀ ਪ੍ਰਕਿਰਿਆ ਦਾ ਪਾਲਣ ਕਰਨਾ ਪੈਂਦਾ ਹੈ। ਇਸ ਲਈ ਤੁਹਾਨੂੰ ਅਕਾਦਮਿਕ ਇੰਟਰਵਿਊ ਲਈ ਸੱਦਾ ਦਿੱਤਾ ਜਾਵੇਗਾ ਅਤੇ ਫਰੈਂਚ ਭਾਸ਼ਾ ਟੈਸਟ ਸਕੋਰ (ਜੇਕਰ ਫਰੈਂਚ ਪ੍ਰੋਗਰਾਮ ਪੜ੍ਹਾਇਆ ਜਾਣਾ ਹੈ ਤਾਂ ਘੱਟੋ-ਘੱਟ DELF B2 ਹੋਵੇ ਅਤੇ ਅੰਗਰੇਜ਼ੀ ਪ੍ਰੋਗਾਰਮ ਲਈ ਫਰੈਂਚ ਦੀ ਲੋੜ ਨਹੀਂ ਹੁੰਦੀ) ਜਮ੍ਹਾਂ ਕਰਵਾਉਣ ਲਈ ਕਿਹਾ ਜਾਵੇਗਾ। ਜਿੰਨ੍ਹਾਂ ਯੂਨੀਵਰਸਿਟੀਆਂ ਵਿਚ ਤੁਸੀਂ ਅਪਲਾਈ ਕੀਤਾ ਹੈ, ਜੇਕਰ ਉਨ੍ਹਾਂ ਵਿਚੋਂ ਕਿਸੇ ਯੂਨੀਵਰਸਿਟੀ ਵਿਚ ਤੁਹਾਡੀ ਅਰਜੀ ਸਵੀਕਾਰ ਹੋ ਜਾਂਦੀ ਹੈ ਤਾਂ ਤੁਸੀਂ ਆਪਣੇ ਨੇੜਲੇ ਵੀ.ਐੱਫ.ਐੱਸ ਕੇਂਦਰ ਵਿਚ ਵੀਜਾ ਅਪਲਾਈ ਕਰ ਸਕਦੇ ਹੋ।
- 2 ਜਾਂ3 ਵਰ੍ਹੇ ਦੀ ਬੈਚਲਰ ਡਿਗਰੀ ਜਾਂ ਮਾਸਟਰ ਡਿਗਰੀ ਲਈ ਅਪਲਾਈ ਕਰਨਾ: ਤੁਹਾਨੂੰ ਲਾਜ਼ਮੀ ਤੌਰ 'ਤੇ ਫਰਾਂਸ ਵਿਚ ਅਧਿਐਨ ਦੀ ਪ੍ਰਕ੍ਰਿਆ ਦੀ ਪਾਲਣਾ ਕਰਨੀ ਚਾਹੀਦੀ ਹੈ। ਜ਼ਿਆਦਾ ਜਾਣਕਾਰੀ ਪ੍ਰਾਪਤ ਕਰਨ ਲਈ ਹੇਠਲੇ ਲਿੰਕ ਉੱਤੇ ਕਲਿਕ ਕਰੋ- https://www.campusfrance.org/en/procedure-studying-in-France
- ਇਹ ਗੱਲ ਨੋਟ ਕੀਤੀ ਜਾਵੇ ਕਿ ਦੋਵਾਂ ਪ੍ਰਕਿਰਿਆਵਾਂ ਦੀਆਂ ਦੋ ਵੱਖਰੀਆਂ ਡੈੱਡਲਾਇਨਜ਼ ਹਨ। ਬੈਚਲਰ ਦੇ ਪਹਿਲੇ ਵਰ੍ਹੇ ਵਿਚ ਦਾਖ਼ਲਾ ਲੈਣ ਦੀ ਪ੍ਰਕਿਰਿਆ ਆਮ ਤੌਰ ਉੱਤੇ ਨਵੰਬਰ ਮਹੀਨੇ ਵਿਚ ਸ਼ੁਰੂ ਹੋ ਜਾਂਦੀ ਹੈ ਅਤੇ ਉਸੇ ਵਿੱਦਿਅਕ ਵਰ੍ਹੇ ਦੇ ਫਰਵਰੀ ਮਹੀਨੇ ਵਿਚ ਖ਼ਤਮ ਹੋ ਜਾਂਦੀ ਹੈ। ਜਦਕਿ ਬੈਚਲਰ ਦੇ ਦੂਜੇ ਅਤੇ ਤੀਜੇ ਵਰ੍ਹੇ ਜਾਂ ਮਾਸਟਰ ਡਿਗਰੀ ਦੇ ਦਾਖ਼ਲੇ ਲਈ ਅਰਜ਼ੀ ਦੇਣ ਦੀ ਪ੍ਰਕਿਰਿਆ ਦਸੰਬਰ ਤੋਂ ਸ਼ੁਰੂ ਹੁੰਦੀ ਹੈ ਅਤੇ ਇਸ ਵਿੱਦਿਅਕ ਵਰ੍ਹੇ ਦੇ ਮਾਰਚ ਮਹੀਨੇ ਵਿਚ ਖ਼ਤਮ ਹੋ ਜਾਂਦੀ ਹੈ।

- ਜੇਕਰ ਤੁਸੀਂ ਡਾਕਟਰੇਟ ਪੱਧਰ ਦੇ ਪ੍ਰੋਗਰਾਮ ਵਿਚ ਦਾਖ਼ਲਾ ਲੈਣਾ ਚਾਹੁੰਦੇ ਹੋ ਤਾਂ ਤੁਸੀਂ ਉਪਰੋਕਤ ਪ੍ਰਕਿਰਿਆ ਤੋਂ ਅਪ੍ਰਭਾਵਿਤ ਰਹੋਗੇ। ਤੁਸੀਂ ਜਿਸ ਵੀ ਡਾਕਟਰਲ ਸਕੂਲ ਵਿਚ ਰੁਚੀ ਰੱਖਦੇ ਹੋ, ਉਸ ਨਾਲ ਸਿੱਧੇ ਤੌਰ 'ਤੇ ਸੰਪਰਕ ਕਰ ਸਕਦੇ ਹੋ। ਜੇਕਰ ਉੱਥੋਂ ਤੁਹਾਨੂੰ ਹਾਂ ਪੱਖੀ ਹੁੰਗਾਰਾ ਮਿਲ ਜਾਂਦਾ ਹੈ ਤਾਂ ਤੁਸੀਂ ਭਾਰਤ ਵਿਚਲੇ ਫਰੈਂਚ ਦੂਤਾਵਾਸ ਰਾਹੀ 'ਟੇਲੈਂਟ ਪਾਸਪੋਰਟ ਵੀਜ਼ਾ' ਅਪਲਾਈ ਕਰ ਸਕਦੇ ਹੋ।

ਜੋ ਲੋਕ ਫਰਾਂਸ ਵਿਚਲੇ ਪ੍ਰਾਈਵੇਟ ਸੰਸਥਾਨਾਂ ਵਿਚ ਦਾਖ਼ਲਾ ਲੈਣਾ ਚਾਹੁੰਦੇ ਹਨ, ਉਹ ਆਪਣੇ ਲਾਗਲੇ ਕੈਂਪਸ ਫਰਾਂਸ ਆਫ਼ਿਸ ਨਾਲ ਸੰਪਰਕ ਕਰਕੇ ਉਨ੍ਹਾਂ ਅਦਾਰਿਆਂ ਦੀ ਸੂਚੀ ਨੂੰ ਸ਼ਾਰਟਲਿਸਟ ਕਰਨ ਲੈਣ ਅਤੇ ਦਾਖ਼ਲੇ ਲਈ ਉਨ੍ਹਾਂ ਨਾਲ ਸਿੱਧਾ ਰਾਬਤਾ ਕਾਇਮ ਕਰ ਸਕਦੇ ਹਨ। ਕਿਰਪਾ ਕਰਕੇ ਇਹ ਵੀ ਨੋਟ ਕੀਤਾ ਜਾਵੇ ਕਿ ਅਜਿਹੀਆਂ ਅਰਜ਼ੀਆਂ ਸਟੱਡੀ ਇੰਨ ਫਰਾਂਸ ਪੋਰਟਲ ਵਿਚੋਂ ਹੀ ਲੰਘਦੀਆਂ ਹਨ ਪਰ ਇਹ ਸਿੱਧੇ ਰੂਪ ਵਿਚ ਸੰਬੰਧਿਤ ਸੰਸਥਾਨ ਕੋਲ ਹੀ ਜਾਂਦੀਆਂ ਹਨ। ਜਦੋਂ ਇਕ ਵਾਰ ਅਰਜ਼ੀ ਦਾਖ਼ਲ ਹੋ ਜਾਵੇ ਤਾਂ ਸਕੂਲ ਨੂੰ ਸਕਾਇਪ ਇੰਟਰਵਿਊ ਲੈਣ ਬਾਰੇ ਸਮਾਂ ਤੈਅ ਕਰਨ ਦਾ ਅਧਿਕਾਰ ਹੁੰਦਾ ਹੈ। ਇਕ ਵਾਰ ਦਾਖ਼ਲੇ ਦੀ ਪੁਸ਼ਟੀ ਹੋ ਜਾਣ ਦੀ ਸਥਿਤੀ ਵਿਚ ਕੈਂਪਸ ਫਰਾਂਸ ਮੈਨੇਜਰ ਤੁਹਾਨੂੰ ਵੀਜ਼ਾ ਅਰਜ਼ੀ ਪ੍ਰਕਿਰਿਆ ਸੰਬੰਧੀ ਗਾਇਡ ਕਰਦਾ ਹੈ।

ਜਿਹੜੇ ਭਾਰਤੀ ਵਿਦਿਆਰਥੀ ਆਰ.ਐਨ.ਸੀ.ਪੀ (RNCP)-Répertoire National des Certifications Professionnelles ਸਰਟੀਫਿਕੇਸ਼ਨ ਤੋਂ ਬਿਨਾਂ ਕੋਰਸ ਕਰਦੇ ਹਨ, ਉਹ ਸ਼ਾਇਦ ਇਸ ਸਥਿਤੀ ਵਿਚ ਨਾ ਹੋਣ ਕਿ ਸਟੱਡੀ ਤੋਂ ਬਾਅਦ ਉਨ੍ਹਾਂ ਨੂੰ ਏ.ਪੀ.ਐਸ (APS) - (Autorisation Provisoire de Séjour) ਪ੍ਰਾਪਤ ਹੋ ਸਕੇ।

ਭਾਰਤੀ ਵਿਦਿਆਰਥੀ ਨੂੰ ਆਪਣੇ ਦਸਤਾਵੇਜ ਜਿਵੇਂ; ਜਨਮ ਸਰਟੀਫਿਕੇਟ ਐਪੋਸਟਿਲ ਕਰਵਾ ਲੈਣ ਦੀ ਸਲਾਹ ਦਿੱਤੀ ਜਾਂਦੀ ਹੈ ਤਾਂ ਜੋ ਫਰਾਂਸ ਵਿਚ ਰਹਿ ਕੇ ਉਹ ਉਨ੍ਹਾਂ ਕੋਲ ਇਨ੍ਹਾਂ ਨੂੰ ਵਰਤਣ ਦੀ ਸੁਵਿਧਾ ਹੋਵੇ।

## 8.2 ਸਟੂਡੈਂਟ ਵੀਜੇ ਲਈ ਅਪਲਾਈ ਕਰਨਾ

- ਜੇਕਰ ਤੁਸੀਂ 90 ਦਿਨਾਂ ਤੋਂ ਘੱਟ ਸਮੇਂ ਲਈ ਫਰਾਂਸ ਵਿਚ ਰਹਿ ਰਹੇ ਹੋ (ਮਿਸਾਲ ਵੱਜੋਂ ਇੰਟਰਨਸ਼ਿਪ ਜਾਂ ਟ੍ਰੇਨਿੰਗ ਪ੍ਰੋਗਾਰਮ ਲਈ) ਤਾਂ ਤੁਹਾਨੂੰ ਫਰਾਂਸ ਵਿਚ ਸਟੱਡੀ ਸੰਬੰਧੀ ਪ੍ਰਕਿਰਿਆ ਵਿਚੋਂ ਲੰਘਣ ਦੀ ਕੋਈ ਲੋੜ ਨਹੀਂ ਹੈ। ਤੁਸੀਂ ਸਿੱਧੇ ਰੂਪ ਵਿਚ ਥੋੜ੍ਹੇ ਸਮੇਂ ਲਈ ਸ਼ਾਰਟ-ਸਟੇਅ ਵੀਜਾ ਅਪਲਾਈ ਕਰ ਸਕਦੇ ਹੋ।

- ਜੇਕਰ ਤੁਸੀਂ 90 ਦਿਨਾਂ ਤੋਂ ਵੱਧ ਫਰਾਂਸ ਵਿਚ ਰਹਿ ਰਹੇ ਹੋ ਤਾਂ ਸਭ ਤੋਂ ਪਹਿਲਾਂ ਫਰਾਂਸ ਵਿਚ ਅਧਿਐਨ ਪ੍ਰਕਿਰਿਆ ਪੂਰੀ ਕਰ ਲਵੋ (ਉੱਪਰ ਦੇਖੋ)। ਇਸ ਲਈ ਤੁਹਾਨੂੰ https://france-visas.gouv.fr/en_US/web/france-visas 'ਤੇ ਔਨਲਾਇਨ ਵੀਜਾ ਫਾਰਮ ਭਰਨਾ ਪੈਂਦਾ ਹੈ ਅਤੇ ਇਸ ਤੋਂ ਬਾਅਦ ਤੁਸੀਂ ਵੀ.ਐੱਫ਼.ਐੱਸ ਦੀ ਵੈੱਬਸਾਇਟ 'ਤੇ ਨੇੜਲੇ ਵੀ.ਐੱਫ਼.ਐੱਸ ਦਫ਼ਤਰ ਵਿਚ ਦਸਤਾਵੇਜ ਜਮ੍ਹਾਂ ਕਰਵਾਉਣ ਲਈ ਮੁਲਾਕਾਤ ਦਾ ਸਮਾਂ ਬੁੱਕ ਕਰ ਸਕਦੇ ਹੋ। (https://online.vfsglobal.com/Global-Appointment/Account/RegisteredLogin)

ਫਰਾਂਸ ਦੂਤਾਵਾਸ ਜਾਂ ਕੌਂਸਲੇਟ ਲੰਮੇਂ ਸਮੇਂ ਲਈ ਸਟੂਡੈਂਟ ਵੀਜਾ (ਵੀ.ਐੱਲ.ਐੱਸ-ਟੀ.ਐੱਸ) ਜਾਰੀ ਕਰ ਸਕਦਾ ਹੈ। ਇਹ ਪ੍ਰਮਾਣਿਤ ਸਮੇਂ ਦੌਰਾਨ ਰਿਹਾਇਸ਼ੀ ਪਰਮਿਟ ਦਾ ਵੀ ਕੰਮ ਦੇਵੇਗਾ। ਹੋਰ ਸ਼ਰਤਾਂ ਦੇ ਨਾਲ-ਨਾਲ ਤੁਹਾਨੂੰ ਇਹ ਵੀ ਸਾਬਤ ਕਰਨਾ ਪੈਂਦਾ ਹੈ ਕਿ ਫਰਾਂਸ ਵਿਚ ਪੜ੍ਹਾਈ ਦੌਰਾਨ ਖਰਚੇ ਲਈ ਤੁਹਾਡੇ ਕੋਲ 615 ਯੂਰੋ ਦੀ ਮਾਸਿਕ ਆਮਦਨ ਹੈ।

**ਵੀ.ਐੱਲ.ਐੱਸ- ਟੀ.ਐੱਸ ਸਟੂਡੈਂਟ ਵੀਜ਼ਾ ਤੁਹਾਨੂੰ ਇਜਾਜ਼ਤ ਦਿੰਦਾ ਹੈ:**


- ਸ਼ੈਨੇਗਨ ਖੇਤਰ ਦੇ ਮੁਲਕਾਂ ਵਿਚ ਤੁਸੀਂ ਆਜਾਦੀ ਨਾਲ ਘੁੰਮ ਫਿਰ ਸਕਦੇ ਹੋ
- ਫਰਾਂਸ ਵਿਚ ਤੁਸੀਂ ਹਰ ਸਾਲ 964 ਘੰਟੇ ਕੰਮ ਕਰ ਸਕਦੇ ਹੋ (20 ਘੰਟੇ ਪ੍ਰਤੀ ਹਫ਼ਤਾ)

ਜੇਕਰ ਤੁਸੀਂ ਦਿੱਤੀ ਸੀਮਾਂ ਤੋਂ ਵੱਧ ਕੰਮ ਕਰਦੇ ਹੋ ਤਾਂ ਤੁਹਾਡੇ ਸਟੂਡੈਂਟ ਵੀਜੇ ਦੇ ਨਵਿਆਉਣ ਵਿਚ ਦਿੱਕਤ ਖੜ੍ਹੀ ਹੋ ਸਕਦੀ ਹੈ।

- ਸਮਾਜਕ ਭੱਤੇ ਹਾਸਲ ਕਰਨ ਲਈ ਹੇਠਾਂ ਦੇਖੋ

ਕਿਸੇ ਵੀ ਵੀ.ਐੱਲ.ਐੱਸ-ਟੀ.ਐੱਸ ਲਈ ਓ,ਐੱਫ਼.ਆਈ.ਆਈ (OFII) ਤੋਂ ਪ੍ਰਮਾਣਿਤ ਹੋਣਾ ਜਰੂਰੀ ਹੈ (ਵੀਜ਼ੇ ਦੇ ਉੱਪਰਲੇ ਸੈਕਸ਼ਨ ਦਾ ਭਾਗ 01 ਦੇਖੋ)

## 8.3 ਸਟੂਡੈਂਟ ਰਿਹਾਇਸ਼ੀ ਪਰਮਿਟ ਲਈ ਅਪਲਾਈ ਕਰਨਾ



ਫਰਾਂਸ ਦੀਆਂ ਸਰਕਾਰੀ ਯੂਨੀਵਰਸਿਟੀਆਂ ਕੋਲ ਸਿਰਫ਼ ਵਿਦੇਸ਼ੀ ਵਿਦਿਆਰਥੀਆਂ ਲਈ ਵੱਖਰੀਆਂ ਸੇਵਾਵਾਂ ਦਾ ਪ੍ਰਬੰਧ ਹੈ। ਇਸ ਵਿਚ ਪ੍ਰਬੰਧਕੀ ਪ੍ਰਕਿਰਿਆ ਦੀ ਗਾਇਡੈਂਸ ਤੇ ਜਾਣਕਾਰੀ ਅਤੇ ਰਿਹਾਇਸ਼ ਤੇ ਸਿਹਤ ਸੇਵਾਵਾਂ ਦਾ ਪ੍ਰਬੰਧ ਆਦਿ ਸ਼ਾਮਲ ਹੈ। ਕੁਝ ਤਾਂ ਫਰਾਂਸ ਪ੍ਰਸ਼ਾਸਨ (OFII And Prefecture) ਦੇ ਨੁੰਮਾਇਦਿਆਂ ਨਾਲ ਮਿਲ ਕੇ ਵਿੱਦਿਅਕ ਵਰ੍ਹੇ ਦੇ ਸ਼ੁਰੂ ਵਿਚ ਇਕ ਖ਼ਾਸ ਡੈਸਕ ਦਾ ਪ੍ਰਬੰਧ ਕਰਦੇ ਹਨ। ਪੈਰਿਸ ਵਿਚ ਤੁਸੀਂ ਅਗਸਤ ਦੇ ਅੰਤਲੇ ਦਿਨਾਂ ਤੋਂ ਨਵੰਬਰ ਮਹੀਨੇ ਤੱਕ ਸਿਟੀ ਯੂਨੀਵਰਸਿਟੀ ਇੰਟਰਨੈਂਸ਼ਲਨ ਡੀ ਪੈਰਿਸ ਦੇ ਡੈਸਕ ਉੱਤੇ ਜਾ ਸਕਦੇ ਹੋ (https://access.ciup.fr/en/welcome-desk-paris/)

ਜਦੋਂ ਤੁਹਾਡਾ ਲੰਮੇ ਸਮੇਂ ਦਾ ਸਟੂਡੈਂਟ ਵੀਜਾ ਖ਼ਤਮ ਹੋ ਜਾਂਦਾ ਹੈ, ਤੁਸੀਂ ਆਪਣੇ ਜਿਲਾ ਦਫ਼ਤਰ (**Préfecture**) ਵਿਚ ਬਹੁ-ਸਾਲਾ ਰਿਹਾਇਸ਼ੀ ਪਰਮਿਟ ਲਈ ਅਪਲਾਈ ਕਰ ਸਕਦੇ ਹੋ। ਤੁਸੀਂ ਜਿਹੜੀ ਪੜ੍ਹਾਈ ਕਰ ਰਹੇ ਹੋ ਉਸ ਦੇ ਬਕਾਇਆ ਸਾਲਾਂ ਤੱਕ ਤੁਸੀਂ ਇਹ ਪਰਮਿਟ ਲੈ ਸਕਦੇ ਹੋ। ਜਿਸ ਲਈ ਤੁਹਾਨੂੰ ਇਹ ਸ਼ਰਤਾ ਪੂਰੀਆਂ ਕਰਨੀਆਂ ਪੈਣਗੀਆਂ, ਜੋ ਇਸ ਪ੍ਰਕਾਰ ਹਨ:

- ਫਰਾਂਸ ਦੇ ਸਰਕਾਰੀ ਜਾਂ ਗੈਰ ਸਰਕਾਰੀ ਸੰਸਥਾਨ ਵਿਚ ਉਚੇਰੀ ਸਿੱਖਿਆ ਲਈ ਦਾਖ਼ਲਾ ਲਿਆ ਹੋਵੇ।
- ਤੁਹਾਡੇ ਕੋਲ ਪ੍ਰਤੀ ਮਹੀਨੇ ਖ਼ਰਚ ਲਈ ਘੱਟੋ-ਘੱਟ 615 ਯੂਰੋ ਦਾ ਪ੍ਰਬੰਧ ਹੋਵੇ
- ਫਰਾਂਸ ਵਿਚ ਤੁਹਾਡੀ ਪੜ੍ਹਾਈ ਦੇ ਸ਼ੁਰੂ ਤੋਂ ਲੈ ਕੇ ਮੌਜੂਦਾ ਸਮੇਂ ਤੱਕ ਅਸਲ ਤੇ ਗੰਭੀਰ ਹੋਣ ਦਾ ਪਤਾ ਲੱਗਦਾ ਹੋਵੇ। ਸੂਬਾਈ ਦਫ਼ਤਰ ਵਲੋਂ ਤੁਹਾਡੇ ਤੋਂ ਹਾਜ਼ਰੀ ਸਰਟੀਫਿਕੇਟ, ਇਮਤਿਹਾਨ ਦਾ ਨਤੀਜਾ ਤੇ ਪ੍ਰਾਪਤ ਡਿਗਰੀ ਦੀ ਮੰਗ ਕੀਤੀ ਜਾ ਸਕਦੀ ਹੈ। ਸਾਲ ਦਾ ਦੁਹਰਾਓ(ਰੀਪੀਟਿੰਗ ਯੀਅਰ) ਤੁਹਾਡੀ ਪੜ੍ਹਾਈ ਦੀ ਗੰਭਰੀਤਾ ਉੱਤੇ ਸਵਾਲ ਖੜ੍ਹੇ ਕਰਦਾ ਹੈ।

## 8.4 ਵਿਦੇਸ਼ੀ ਵਿਦਿਆਰਥੀਆਂ ਲਈ ਫੀਸਾਂ ਤੇ ਵਜੀਫ਼ੇ

### 8.4.1 ਟਿਊਸ਼ਨ ਫੀਸਾਂ

ਸਰਕਾਰੀ ਯੂਨੀਵਰਸਿਟੀਆਂ ਦੇ ਫਰੈਂਚ ਵਿਚ ਪੜ੍ਹਾਏ ਜਾਂਦੇ ਪ੍ਰੋਗਰਾਮਾਂ ਦੇ ਗੈਰ–ਈ.ਯੂ ਵਿਦੀਆਰਥੀਆਂ ਦੀਆਂ ਵੱਧ ਤੋਂ ਵੱਧ ਟਿਊਸ਼ਨ ਫੀਸਾਂ ਸਤੰਬਰ 2019 ਤੋਂ ਬਾਅਦ ਦੀਆਂ ਗਿਣੀਆਂ ਜਾਣਗੀਆਂ। ਪ੍ਰਾਈਟੇਵ ਸੰਸਥਾਨਾਂ ਵਿਚ ਤਾਂ ਇਹ ਹੋਰ ਵੀ ਵੱਧ ਹੁੰਦੀਆਂ ਹਨ।

- ਬੀ.ਏ ਪੱਧਰ 'ਤੇ 2770 ਯੂਰੋ ਪ੍ਰਤੀ ਸਾਲ
- ਮਾਸਟਰ ਪੱਧਰ 'ਤੇ 3770 ਯੂਰੋ ਪ੍ਰਤੀ ਸਾਲ
- ਡਾਕਟਰੇਟ ਪੱਧਰ 'ਤੇ 380 ਯੂਰੋ ਪ੍ਰਤੀ ਸਾਲ

ਜਿਵੇਂ ਕਿ ਕੁਝ ਸਰਕਾਰੀ ਯੂਨੀਵਰਸਿਟੀਆਂ ਸਤੰਬਰ 2019 ਦੀਆਂ ਵਧੀਆਂ ਫੀਸਾਂ ਨੂੰ ਲਾਗੂ ਨਹੀਂ ਕਰਦੀਆਂ। ਅਜਿਹੀ ਸਥਿਤੀ ਵਿਚ ਇਹ ਚੈੱਕ ਕਰ ਲੈਣਾ ਫਾਇਦੇਮੰਦ ਹੋਵੇਗਾ ਕਿ ਜਿਸ ਯੂਨੀਵਰਸਿਟੀ ਵਿਚ ਤੁਸੀਂ ਦਾਖ਼ਲਾ ਲੈ ਰਹੇ ਹੋ ਉਸ ਵਿਚ ਫੀਸ ਕਿੰਨੀ ਹੈ।

ਜੇਕਰ ਤੁਸੀਂ ਪਹਿਲਾਂ ਹੀ ਸਰਕਾਰੀ ਯੂਨੀਵਰਸਿਟੀ ਵਿਚ ਪੜ੍ਹਦੇ ਹੋ ਤਾਂ ਫੀਸ ਵਿਚ ਵਾਧਾ ਨਹੀਂ ਹੋਵੇਗਾ (170 ਯੂਰੋ ਬੀ.ਏ ਪੱਧਰ ਉੱਤੇ, 243 ਯੂਰੋ ਮਾਸਟਰ ਪੱਧਰ ਉੱਤੇ ਅਤੇ 380 ਯੂਰੋ ਡਾਕਟਰੇਟ ਪੱਧਰ ਉੱਤੇ, ਵਧੇਰੇ ਜਾਣਕਾਰੀ ਲਈ ਦੇਖੋ https://www.study.eu/article/tuition-fees-in-france

### 8.4.2 ਵਜੀਫੇ

- ਭਾਰਤ ਵਿਚਲੀ ਫਰਾਂਸ ਦੂਤਾਵਾਸ ਹਰ ਵਿਸ਼ੇ ਜਿਵੇਂ ਕਿ; ਬੀ.ਏ, ਮਾਸਟਰ, ਡਾਕਟਰੇਟ ਪੱਧਰ ਤੇ ਵੱਖੋ-ਵੱਖਰੇ ਸਮੇਂ (2 ਮਹੀਨੇ ਤੋਂ 2 ਸਾਲ) ਲਈ ਵਿਦਿਆਰਥੀਆਂ ਨੂੰ (ਚਾਰਪਕ ਸਕਾਲਰਸ਼ਿਪ ਪ੍ਰੋਗਰਾਮ) ਦੇ ਤਹਿਤ ਗਰਾਂਟ ਮੁਹੱਈਆ ਕਰਾਉਂਦਾ ਹੈ।(ਇਸ ਕੈਂਪਸ ਫਰਾਂਸ ਇੰਡੀਆ ਵੈੱਬਸਾਇਟ ਦੇਖ ਸਕਦੇ ਹੋ: https://www.inde.campusfrance.org/charpak-scholarships)

- ਮਾਸਟਰ ਜਾਂ ਪੀਐੱਚ.ਡੀ ਕਰਨ ਵਾਲੇ ਵਿਦੇਸ਼ੀ ਵਿਦਿਆਰਥੀਆਂ ਲਈ (ਫਰਾਂਸ ਦੇ ਵਿਦੇਸ਼ ਮੰਤਰਾਲੇ ਵਲੋਂ ਦਿੱਤੇ ਫੰਡ ਨਾਲ) ਆਈਫਲ ਸਕਾਲਰਸ਼ਿਪ ਪ੍ਰਗੋਰਾਮ ਆਫ਼ ਐਕਸੀਲੈਂਸ ਚਲਾਇਆ ਜਾਂਦਾ ਹੈ। ਇਸ ਵਿਚ ਇਕਨੋਮਿਕਸ ਐਂਡ ਮੈਨੇਜਮੈਂਟ, ਇੰਜੀਨਿਅਰਿੰਗ, ਲਾਅ, ਪੋਲੀਟੀਕਲ ਸਾਇੰਸ ਵਿਸ਼ੇ ਸ਼ਾਮਲ ਹਨ। ਫਰੈਂਚ ਹਾਇਰ ਐਜੂਕੇਸ਼ਨ ਐਂਡ ਰਿਸਰਚ ਇੰਸਟੀਚਿਊਸ਼ਨ ਪਹਿਲਾਂ ਤੋਂ ਹੀ ਉਮੀਦਵਾਰਾਂ ਦੀ ਚੋਣ ਕਰ ਲੈਂਦੇ ਹਨ ਅਤੇ ਉਨ੍ਹਾਂ ਵੱਲੋਂ ਕੈਂਪਸ ਫਰੈਂਚ ਵੈੱਬਸਾਇਟ ਉੱਤੇ ਅਰਜ਼ੀਆਂ ਦਾਖ਼ਲ ਕਰ ਦਿੰਦੇ ਹਨ।

- ਸਮਾਜਿਕ ਮਾਪਦੰਡ ਦੇ ਅਧਾਰ ਉੱਤੇ ਫਰਾਂਸ ਵਿਚ ਦੋ ਸਾਲ ਤੋਂ ਰਹਿ ਰਹੇ ਵਿਦਿਆਰਥੀ ਵੀ ਫਰੈਂਚ ਹਾਇਰ ਐਜੂਕੇਸ਼ਨ ਐਂਡ ਰਿਸਰਚ ਇੰਸਟੀਚਿਊਸ਼ਨ ਵੱਲੋਂ ਦਿੱਤੇ ਜਾਂਦੇ ਵਜੀਫੇ ਲਈ ਅਪਲਾਈ ਕਰ ਸਕਦੇ ਹਨ।

- ਇਸ ਤੋਂ ਇਲਾਵਾ ਵਿਦੇਸ਼ੀ ਡਾਕਟਰਲ ਸਟੂਡੈਂਟਾਂ ਅਤੇ ਪੋਸਟ ਡਾਕਟਰਲ ਸਟੂਡੈਂਟਾਂ ਨੂੰ ਯੂਨੀਵਰਸਿਟੀਆਂ ਦੇ ਬਹੁਤ ਸਾਰੇ ਸਰਕਾਰੀ ਅਦਾਰੇ ਵੀ ਖੋਜ ਕਾਰਜਾਂ ਲਈ ਵਜੀਫੇ ਦਿੰਦੇ ਹਨ। ਦਿੰਦੇ ਹਨ।

ਇੰਟਰਨੈਸ਼ਨਲ ਸਟੂਡੈਂਟਾਂ ਨੂੰ ਦਿੱਤੇ ਜਾਣ ਵਾਲੇ ਇਨ੍ਹਾਂ ਵਜੀਫਿਆਂ ਬਾਰੇ ਪੂਰੀ ਜਾਣਕਾਰੀ ਪ੍ਰਾਪਤ ਕਰਨ ਲਈ 'ਕੈਂਪਸ ਬਰਾਊਜ਼ਰ' ਇੰਜਨ ਉੱਤੇ ਸਰਚ ਕੀਤਾ ਜਾ ਸਕਦਾ ਹੈ। (http://campusbourses.campusfrance.org/fria/bourse/#/catalog)

## 8.5 ਸਮਾਜਕ ਸੁਰੱਖਿਆ ਤੇ ਸਿਹਤ ਸਹੂਲਤਾਂ

ਫਰਾਂਸ ਦੇ ਸਾਰੇ ਸ਼ਹਿਰੀਆਂ ਲਈ ਜਰੂਰੀ ਹੈ ਕਿ ਉਹ ਸਰਕਾਰ ਦੀਆਂ ਮੁਫ਼ਤ ਸਿਹਤ ਸਹੂਲਤਾਂ ਨਾਲ ਸੰਬੰਧਿਤ ਸਕੀਮਾਂ ਨਾਲ ਜੁੜਨ। ਤੁਸੀਂ ਅੰਗਰੇਜ਼ੀ ਭਾਸ਼ਾ ਵਿਚ ਇਸ ਵਿਸ਼ੇ ਨਾਲ ਸੰਬੰਧਿਤ ਵਿਸ਼ੇਸ਼ ਵੈੱਬਸਾਈਟ (https://etudiant-etranger.ameli.fr/#/) ਰਾਹੀਂ ਇਨ੍ਹਾਂ ਸਕੀਮਾਂ ਨਾਲ ਜੁੜ ਸਕਦੇ ਹੋ ਅਤੇ ਨਾਲ ਹੀ ਇਸ ਜਨਰਲ ਸਾਈਟ ਉੱਤੇ ਆਪਣਾ ਅਕਾਊਂਟ (https://www.ameli.fr/) ਵੀ ਬਣਾ ਸਕਦੇ ਹੋ। ਇਸ ਦੇ ਨਾਲ ਤੁਸੀਂ ਮੈਡੀਕਲ ਕਾਰਡ ਵੀ ਅਪਲਾਈ ਕਰ ਸਕਦੇ ਹੋ।

ਕਿਉਂਕਿ ਸਰਕਾਰੀ ਸਕੀਮਾਂ ਵਿਚ ਮੈਡੀਕਲ ਖਰਚਿਆਂ ਦਾ ਕੁਝ ਹਿੱਸਾ (70 ਫੀਸਦੀ) ਹੀ ਕਵਰ ਹੁੰਦਾ ਹੈ। ਇਸ ਲਈ ਤੁਹਾਨੂੰ ਆਪਣੀ ਪਸੰਦ ਦਾ ਸਪਲੀਮੈਂਟਰੀ ਸਟੂਡੈਂਟ ਹੈਲਥ ਬੀਮਾ (8 ਯੂਰੋ ਪ੍ਰਤੀ ਮਹੀਨਾ ਦੀ ਸ਼ੁਰੂਆਤੀ ਕੀਮਤ) ਲੈਣ ਦੀ ਸਲਾਹ ਦਿੱਤੀ ਜਾਂਦੀ ਹੈ। ਵਿਦੀਆਰਥੀਆਂ ਲਈ ਦੋ ਮੁੱਖ ਬੀਮਾ ਪ੍ਰਗੋਰਾਮ ਐਲ.ਐਮ.ਡੀ.ਈ (LMDE) ਅਤੇ ਐਸ.ਐਮ.ਈ.ਆਰ.ਈ.ਪੀ (SMEREP) ਹਨ।

## 8.6 ਰਿਹਾਇਸ਼

ਤੁਸੀਂ ਜਿਸ ਯੂਨੀਵਰਸਿਟੀ ਵਿਚ ਦਾਖਲਾ ਲਿਆ ਹੈ, ਉਸ ਨਾਲ ਅਤੇ ਉੱਥੋਂ ਦੇ ਇੰਟਰਨੈਸ਼ਨਲ ਰਿਲੇਸ਼ਨ ਆਫ਼ਿਸ ਨਾਲ ਖ਼ਾਸ ਤੌਰ 'ਤੇ ਰਿਹਾਇਸ਼ ਬਾਰੇ ਸੰਪਰਕ ਕਰਨਾ, ਤੁਹਾਡਾ ਪਹਿਲਾ ਕਦਮ ਹੈ। ਰਿਜਨਲ ਸੈਂਟਰ ਆਫ਼ ਸਟੂਡੈਂਟ ਸਰਵਿਸ ਅਰਥਾਤ CROUS ਦੇ ਕੇਂਦਰ ਤੋਂ ਤੁਸੀਂ ਜਿਸ ਯੂਨੀਵਰਸਿਟੀ ਲਈ ਔਨਲਾਇਨ ਅਪਲਾਈ ਕੀਤਾ ਹੈ, ਉਸਦੇ ਹੋਸਟਲ ਵਿਚ ਕਮਰਾ ਕਿਰਾਏ 'ਤੇ ਲੈਣਾ ਸਭ ਤੋਂ ਸਸਤੀ ਵਿਦਿਆਰਥੀ ਰਿਹਾਇਸ਼ ਹੈ। ਕਿਰਾਏ ਵਿਚ ਹੋਰ ਸੁਵਿਧਾਵਾਂ ਅਤੇ ਵਾਈਫਾਈ ਦੀਆਂ ਸੇਵਾਵਾਂ ਵੀ ਸ਼ਾਮਲ ਹਨ।

ਪੈਰਿਸ ਵਿਚ ਬਹੁਤ ਸਾਰੇ ਭਾਰਤੀ ਵਿਦਿਆਰਥੀ ਇੰਡੀਅਨ ਹਾਊਸ ਵਿਚ ਰਹਿੰਦੇ ਹਨ, ਜਿਹੜਾ ਕਿ CUIP (Cité Universitaire Internationale de Paris) ਦਾ ਹਿੱਸਾ ਹੈ ਅਤੇ ਯੂਨੀਵਰਸਿਟੀਆਂ ਦੇ ਹੋਸਟਲ ਦਾ ਪ੍ਰਮੁੱਖ ਖੇਤਰ ਹੈ।

ਨਿੱਜੀ ਵਿਦਿਆਰਥੀ ਅਤੇ ਨੌਜਵਾਨਾਂ ਲਈ ਵੀ ਰਿਹਾਇਸ਼ ਉਪਲੱਬਧ ਹੈ,ਪਰ ਇਸ ਦਾ ਮਹੀਨਾਵਾਰ ਕਿਰਾਇਆ ਸਿਟੀਜ਼–ਯੂ (cité-U) ਨਾਲੋ ਕੁਝ ਮਹਿੰਗਾ ਹੈ।

ਰਿਹਾਇਸ਼ ਦੀ ਹੋਰ ਆਪਸ਼ਨ ਵਿਚ ਪ੍ਰਾਈਵੇਟ ਮਾਲਕਾਂ ਤੋਂ ਕਮਰਾ ਲੈਣਾ, ਸਟੂਡੀਓ ਫਲੈਟ ਜਾਂ ਸਾਂਝਾ ਫਲੈਟ ਕਿਰਾਏ ਤੇ ਲੈਣ ਵੀ ਸ਼ਾਮਿਲ ਹੈ। ਇੱਥੇ ਇਹ ਗੱਲ ਨੋਟ ਕਰਨ ਵਾਲੀ ਹੈ ਕਿ ਇਹ ਕਾਫ਼ੀ ਮਹਿੰਗਾ ਪੈਂਦਾ ਹੈ ਅਤੇ ਇਨ੍ਹਾਂ ਦੀ ਪੈਰਿਸ ਵਿਚ ਮੰਗ ਵੀ ਬਹੁਤ ਜਿਆਦਾ ਹੈ- (700 ਯੂਰੋ/ਪ੍ਰਤੀ ਰੂਮ/ਸਟੂਡੀਓ)। ਵੈਸੇ ਤੁਸੀਂ ਮੇਜ਼ਬਾਨ ਪਰਿਵਾਰ ਨਾਲ ਵੀ ਰਹਿ ਸਕਦੇ ਹੋ, ਉੱਥੇ ਤੁਸੀਂ ਕੁਝ ਸਮੇਂ ਲਈ ਘੱਟ ਕਿਰਾਏ ਉੱਤੇ ਬਦਲੇ ਵਿਚ ਆਪਣੀਆਂ ਕੁਝ ਸੇਵਾਵਾਂ ਜਿਵੇਂ ਕਿ (ਬੱਚੇ ਦੀ ਸੰਭਾਲ) ਦੇ ਕੇ ਆਸਾਨੀ ਨਾਲ ਰਹਿ ਸਕਦੇ ਹੋ। ਇਹ ਤੁਹਾਡੇ ਲਈ ਸਸਤਾ ਅਤੇ ਫਰਾਂਸ ਵਿਚ ਆਦਰਸ਼ ਤਰੀਕਾ ਹੋ ਸਕਦਾ ਹੈ।

ਕਿਰਾਏ ਦੀ ਰਕਮ ਦੇਣ ਵਿਚ ਤੁਸੀਂ ਫ਼ੈਮਿਲੀ ਅੱਲਾਉਨਸਿਸ ਫੰਡ (CAF) ਤੋਂ ਹੀ ਹਾਊਸਿੰਗ ਏਡ ਲਈ ਅਪਲਾਈ ਕਰ ਸਕਦੇ ਹੋ।

## 9. ਰੋਜਾਨਾਂ ਜਿੰਦਗੀ

### 9.1 ਫਰਾਂਸ ਆਉਣ ਸਮੇਂ ਤੁਹਾਨੂੰ ਕਿਹੜੇ ਦਸਤਾਵੇਜ਼ ਲਿਆਉਂਣੇ ਹੁੰਦੇ ਹਨ

ਤੁਹਾਨੂੰ ਹੇਠ ਲਿਖਤ ਨਿੱਜੀ ਦਸਤਾਵੇਜ਼ ਆਪਣੇ ਕੋਲ ਰੱਖਣ ਦੀ ਸਲਾਹ ਦਿੱਤੀ ਜਾਂਦੀ ਹੈ।



- ਤੁਹਾਡਾ ਜਨਮ ਸਰਟੀਫਿਕੇਟ
- ਤੁਹਾਡਾ ਮੈਰਿਜ ਜਾਂ ਤਲਾਕ ਸਰਟੀਫਿਕੇਟ
- ਤੁਹਾਡੀ ਕੁਆਲੀਫਿਕੇਸ਼ਨ ਤੇ ਡਿਗਰੀ
- ਤੁਹਾਡੀਆਂ ਦਵਾਈਆਂ ਤੇ ਮੈਡੀਕਲ ਰਿਕਾਰਡਜ਼
- ਤੁਹਾਡਾ ਡਰਾਇਵਿੰਗ ਲਾਈਸੈਂਸ ਤੇ ਇੰਟਰਨੈਸ਼ਨਲ ਸਰਟੀਫਿਕੇਟ

ਭਾਰਤ ਵਿਚ ਇੰਟਰਨੈਸ਼ਨਲ ਡਰਾਇਵਿੰਗ ਸਰਟੀਫਿਕੇਟ ਹਾਸਲ ਕਰਨ ਲਈ, ਕਿਰਪਾ ਕਰਕੇ ਰੋਡ ਟਰਾਂਸਪੋਰਟ ਐਂਡ ਹਾਈਵੇਅ ਵੈੱਬਸਾਇਟ ਉੱਤੇ ਜਾਓ, ਜਿਸ ਦਾ ਲਿੰਕ ਇਸ ਪ੍ਰਕਾਰ ਹੈ: https://parivahan.gov.in/parivahan/en/content/international-driving-permit-0

ਫਰਾਂਸ ਪ੍ਰਸ਼ਾਸਨ ਵਲੋਂ ਜਿਹੜੇ ਦਸਤਾਵੇਜਾਂ ਦੀ ਮੰਗ ਕੀਤੀ ਜਾਂਦੀ ਹੈ, ਉਹ ਰਜਿਸਟਰਡ ਡਾਕ ਰਾਹੀਂ ਭੇਜੇ ਜਾਣੇ ਚਾਹੀਦੇ ਹਨ। (lettre recommandée avec accusé de réception).

### 9.2. ਅਧਿਕਾਰਤ ਦਸਤਾਵੇਜਾਂ ਦਾ ਅਨੁਵਾਦ

ਜੇਕਰ ਤੁਹਾਡੇ ਅਸਲ ਦਸਤਾਵੇਜ਼ ਫਰੈਂਚ ਵਿਚ ਨਹੀਂ ਤਾਂ ਤੁਹਾਨੂੰ ਇਨ੍ਹਾਂ ਦਾ ਫਰੈਂਚ ਵਿਚ ਅਨੁਵਾਦ ਕਰਾਵਉਣਾ ਪਵੇਗਾ, ਇਹ ਫਰੈਂਚ ਦੀਆਂ ਅਦਾਲਤਾਂ ਵਲੋਂ ਮਾਨਤਾ ਪ੍ਰਾਪਤ ਅਨੁਵਾਦਕ ਵਲੋਂ ਹੀ ਕੀਤਾ ਹੋਣਾ ਚਾਹੀਦਾ ਹੈ। ਅਨੁਵਾਦਕ ਇਹ ਸਰਟੀਫਾਈ ਕਰੇਗਾ ਕਿ ਅਨੁਵਾਦ ਸਹੀ ਹੈ ਅਤੇ ਇਨ੍ਹਾਂ ਦਾ ਅਸਲੀ ਦਸਤਾਵੇਜਾਂ ਨਾਲ ਮਿਲਾਨ ਕਰਕੇ ਆਪਣੀ ਮੋਹਰ ਲਗਾ ਕੇ ਹਸਤਾਖ਼ਰ ਕਰੇਗਾ।

ਮਾਨਤਾ ਪ੍ਰਾਪਤ ਅਨੁਵਾਦਕਾਂ ਦੀ ਡਾਇਰੈਕਟਰੀ https://www.annuaire-traducteur-assermente.fr/

## 9.3 ਬੈਂਕ ਖਾਤਾ ਖੁਲਵਾਉਣਾ

- ਜਿਵੇਂ ਹੀ ਤੁਹਾਨੂੰ ਤਨਖਾਹ ਮਿਲਦੀ ਹੈ, ਤੁਰੰਤ ਖਾਤਾ ਖੁਲਵਾਉਣਾ ਲਾਜ਼ਮੀ ਹੈ।
- ਫਰਾਂਸ ਵਿਚ ਵਸਣ ਵਾਲੇ ਹਰ ਵਿਅਕਤੀ ਨੂੰ ਖਾਤਾ ਖੁਲਵਾਉਣ ਅਤੇ ਮੁੱਢਲੀਆਂ ਵਿੱਤੀ ਸੇਵਾਵਾਂ ਵਰਤੋਂ ਕਰਨ ਦਾ ਪੂਰਾ ਅਧਿਕਾਰ ਹੈ।

ਖਾਤਾ ਖੁਲਵਾਉਣ ਲਈ ਤੁਹਾਡੇ ਤੋਂ ਇਹ ਦਸਤਾਵੇਜ ਮੰਗੇ ਜਾਣਗੇ: ਤੁਹਾਡਾ ਸਨਾਖ਼ਤੀ ਪੱਤਰ (ਪਾਸਪੋਰਟ) ਅਤੇ ਰਿਹਾਇਸ਼ੀ ਪਰੂਫ਼ (ਕੁਝ ਬੈਂਕ ਆਮਦਨ ਦਾ ਸਬੂਤ ਵੀ ਮੰਗਦੇ ਹਨ, ਹਾਲਾਂਕਿ ਇਹ ਗੈਰ-ਕਾਨੂੰਨੀ ਹੈ)

- ਜੇ ਤੁਸੀਂ ਅਣ-ਪ੍ਰਮਾਣਿਤ ਹੋ ਤੇ ਬੈਂਕ ਖਾਤਾ ਖੁਲਵਾਉਣਾ ਹੈ

ਜੇਕਰ ਤੁਸੀਂ ਅਣ-ਪ੍ਰਮਾਣਿਤ ਹੋ ਤਾਂ ਬੈਂਕ ਵਿਚ ਖਾਤਾ ਖੁਲਵਾਉਣ ਵੇਲੇ ਤੁਹਾਨੂੰ ਕੁਝ ਦਿੱਕਤਾਂ ਆ ਸਕਦੀਆਂ ਹਨ, ਕਿਉਂ ਕਿ ਕੁਝ ਬੈਂਕ ਤੁਹਾਡੇ ਤੋਂ ਲੀਗਲ ਸ਼ਹਿਰੀ ਹੋਣ ਦੇ ਪੇਪਰ ਮੰਗਦੇ ਹਨ, ਪਰ ਇਹ ਗੈਰ ਕਾਨੂੰਨੀ ਹੈ। ਕਾਨੂੰਨ ਮੁਤਾਬਕ ਤੁਹਾਡੇ ਤੋਂ ਸਿਰਫ਼ ਸ਼ਨਾਖ਼ਤੀ ਪੱਤਰ ਤੇ ਰਿਹਾਇਸ਼ ਦਾ ਸਬੂਤ ਦੇਣ ਲਈ ਕਿਹਾ ਜਾ ਸਕਦਾ ਹੈ। ਸ਼ੁਰੂ ਵਿਚ ਜੇਕਰ ਬੈਂਕ ਤੁਹਾਡਾ ਖਾਤਾ ਖੋਲਣ ਤੋਂ ਇਨਕਾਰ ਕਰ ਦਿੰਦਾ ਹੈ (ਤੁਸੀਂ ਬੈਂਕ ਤੋਂ ਰੱਦ ਕਰਨ ਸਬੰਧੀ ਪੱਤਰ ਦੀ ਮੰਗ ਕਰੋ) ਤਾਂ ਇਸ ਦਾ ਹੱਲ ਮੁੱਢਲੀ ਬੈਂਕਿੰਗ ਸਰਵਿਸ ਤੱਕ ਪਹੁੰਚ ਹੈ। ਜਿਸ ਤਹਿਤ ਤੁਸੀਂ ਬੈਂਕ ਆਫ਼ ਫਰਾਂਸ ਕੋਲ ਅਪੀਲ ਦਾਇਰ ਕਰੋਗੇ, ਜੋ ਅਗਲੇ 24 ਘੰਟਿਆਂ ਵਿਚ ਬੈਂਕ ਨੂੰ ਤੁਹਾਡਾ ਖਾਤਾ ਖੋਲਣ ਲਈ ਮਜਬੂਰ ਕਰੇਗਾ। ਇਸ ਪ੍ਰਕਿਰਿਆ ਵਿਚ ਤੁਸੀਂ ਆਪਣੇ ਲੋਕਲ ਲੀਗਲ ਸੈਂਟਰ* ਜਾਂ ਸਿਟੀ ਕੌਂਸਲ ਸੋਸ਼ਲ ਸਵਰਿਸ* ਤੋਂ ਮਦਦ ਵੀ ਲੈ ਸਕਦੇ ਹੋ। ਉਹ ਤੁਹਾਨੂੰ ਅਜਿਹੇ ਕੇਸਾਂ ਬਾਬਤ ਕੰਮ ਕਰਨ ਵਾਲੇ ਸੰਗਠਨ ਕੋਲ ਭੇਜ ਦਿੰਦੇ ਹਨ।

## 9.4 ਘਰ ਪੈਸੇ ਭੇਜਣੇ



ਘਰ ਪੈਸੇ ਭੇਜਣ ਦੇ ਅਨੇਕਾਂ ਤਰੀਕੇ ਹਨ। ਮਿਸਾਲ ਵਜੋਂ ਬੈਂਕ ਰਾਹੀ: ਕੈਸ਼ ਟੂ ਕੈਸ਼, ਖਾਤੇ ਚੋਂ ਨਕਦੀ ਕਢਾਉਣਾ (ਨਕਦ ਰੂਪ ਵਿਚ ਪ੍ਰਾਪਤ ਪੈਸੇ ਨੂੰ ਬੈਂਕ ਟਰਾਂਸਫਰ ਕਰਦਾ ਹੈ), ਖਾਤੇ ਵਿਚ ਨਕਦੀ ਜਮ੍ਹਾਂ ਕਰਵਾਉਣਾ ਅਤੇ ਖਾਤੇ ਤੋਂ ਖਾਤੇ ਨੂੰ ਭੇਜਣਾ ਭਾਵੇਂ ਭਾਰਤੀਆਂ ਨੂੰ ਇਹ ਮਹਿੰਗਾ ਜਾਪਦਾ ਹੈ ਪਰ ਫਰੈਂਚ ਬੈਂਕ ਟਰਾਂਸਫਰ ਸਿਸਟਮ ਬਹੁਤ ਹੀ ਪ੍ਰਭਾਵਸ਼ਾਲੀ ਹੈ। ਭਾਰਤੀ ਪਰਵਾਸੀ ਆਪਣੇ ਘਰਾਂ ਨੂੰ ਜਿਆਦਾਤਰ ਪੈਸੇ ਆਪਣੇ ਦੋਸਤਾਂ, ਰਿਸ਼ਤੇਦਾਰਾਂ ਜਾਂ ਫਿਰ ਵੈਸਟਨ ਯੂਨੀਅਨ, ਟਰਾਂਸਫਰ ਵਾਰਇਜ਼ ਜਾਂ ਮਨੀ ਗਰਾਮ ਵਰਗੀਆਂ ਨਿੱਜੀ ਕੰਪਨੀਆਂ ਰਾਹੀਂ ਭੇਜਦੇ ਹਨ।

## 9.5 ਫਰਾਂਸ ਵਿਚ ਘੁੰਮਣਾ ਫਿਰਨਾ

### 9.5.1 ਡਰਾਇਵਿੰਗ

ਜੇਕਰ ਤੁਹਾਡੇ ਕੋਲ ਇੰਟਰਨੈਸ਼ਨਲ ਡਰਾਇਵਿੰਗ ਲਾਈਸੈਂਸ ਤੇ ਰਿਹਾਇਸ਼ੀ ਸਬੂਤ ਹੈ ਤਾਂ ਤੁਸੀਂ ਭਾਰਤੀ ਲਾਈਸੈਂਸ ਨਾਲ ਇਕ ਸਾਲ ਤੱਕ ਫਰਾਂਸ ਵਿਚ ਡਰਾਇਵਿੰਗ ਕਰ ਸਕਦੇ ਹੋ, ਜਦੋਂ ਤੱਕ ਕਿ ਤੁਹਾਡਾ ਭਾਰਤੀ ਲਾਈਸੈਂਸ ਫਰਾਂਸ ਦੇ ਲਾਈਸੈਂਸ ਵਿਚ ਨਹੀਂ ਬਦਲ ਜਾਂਦਾ। ਇਕ ਸਾਲ ਦਾ ਸਮਾਂ ਪੂਰਾ ਹੋਣ ਤੋਂ ਬਾਅਦ ਤੁਹਾਨੂੰ ਫਰਾਂਸ ਦਾ ਲਾਈਸੈਂਸ ਲੈਣ ਲਈ ਫਰੈਂਚ ਡਰਾਇਵਿੰਗ ਟੈਸਟ ਪਾਸ ਕਰਨਾ ਪੈਂਦਾ ਹੈ। ਇਸ ਵਾਸਤੇ ਤੁਹਾਨੂੰ ਨਿੱਜੀ ਡਰਾਇਵਿੰਗ ਸਕੂਲ ਵਿਚ ਦਾਖ਼ਲਾ ਲੈਣਾ ਪੈਂਦਾ ਹੈ ਅਤੇ ਡਰਾਇਵਿੰਗ ਸੰਬੰਧੀ ਸਿਧਾਂਤਕ ਤੇ ਪ੍ਰੈਕਟੀਕਲ ਟੈਸਟ ਟ੍ਰੇਨਿੰਗ ਲੈਣੀ ਪੈਂਦੀ ਹੈ। (ਇਹ ਪੈਕੇਜ ਕਾਫ਼ੀ ਮਹਿੰਗਾ ਪੈਂਦਾ ਹੈ, ਜਿਸ ਦੀ ਐਵਰੇਜ਼ ਕਰੀਬ 1500 ਹੁੰਦੀ ਹੈ) ਪ੍ਰੈਕਟੀਕਲ ਟੈਸਟ ਦੇਣ ਲਈ ਤੁਹਾਨੂੰ ਘੱਟੋ-ਘੱਟ 20 ਘੰਟਿਆਂ ਦੀ ਪੜ੍ਹਾਈ ਕਰਨੀ ਜਰੂਰੀ ਹੁੰਦੀ ਹੈ। ਪਰ ਪ੍ਰੈਕਟਿਸ ਵਿਦਿਆਰਥੀਆਂ ਲਈ ਟੈਸਟ ਪਾਸ ਕਰਨ ਵਾਸਤੇ 30 ਘੰਟੇ ਸਿਖਲਾਈ ਦੀ ਲੋੜ ਹੁੰਦੀ ਹੈ।

### 9.5.2 ਜਨਤਕ ਆਵਾਜਾਈ (transports en commun)

ਫਰਾਂਸ ਵਰਗੇ ਮੁਲਕ ਵਿਚ ਖ਼ਾਸਕਰ ਵੱਡੇ ਸ਼ਹਿਰਾਂ ਵਿਚਾਲੇ ਪਬਲਿਕ ਟਰਾਂਸਪੋਰਟ ਬਹੁਤ ਹੀ ਵਧੀਆ ਤੇ ਪ੍ਰਭਾਵਸ਼ਾਲੀ ਢੰਗ ਨਾਲ ਕਾਰਜ ਕਰਦਾ ਹੈ। ਲੰਮੀ ਦੂਰੀ ਦੇ ਸਫ਼ਰ ਲਈ ਰੇਲ ਗੱਡੀ ਸਭ ਤੋਂ ਵਧੀਆ ਸਾਧਨ ਹੈ, ਰੇਲ ਗੱਡੀਆਂ ਦੀ ਸਮਾਂ ਸਾਰਨੀ, ਕਿਰਾਏ ਅਤੇ ਔਨਲਾਇਨ ਟਿਕਟ ਬੁਕਿੰਗ ਸੰਬੰਧੀ ਜਾਣਕਾਰੀ ਨੈਸ਼ਨਲ ਰੇਲਵੇ ਕੰਪਨੀ ਦੀ ਵੈੱਬਸਾਇਟ (https://www.oui.sncf/) ਤੋਂ ਲਈ ਜਾ ਸਕਦੀ ਹੈ। ਲੰਮੀ ਦੂਰੀ ਦਾ ਸਫ਼ਰ ਬੱਸ ਰਾਹੀਂ; (ਸਸਤਾ ਪਰ ਰੇਲ ਦੇ ਮੁਕਾਬਲੇ ਸਮਾਂ ਕਾਫੀ ਵੱਧ ਲਗਦਾ ਹੈ) ਤੁਸੀਂ ਨਿਮਨ ਲਿਖਤ ਯੂਰੋਲਾਇਨ (https://www.eurolines.fr/), ਓਈਬਸ (https://www.oui.sncf/bus) ਜਾਂ ਫਲਿਕਸ ਬੱਸ (https://www.flixbus.fr/) ਵਿਚੋਂ ਆਪਣੀ ਮਨਪਸੰਦ ਦੀ ਚੋਣ ਕਰ ਸਕਦੇ ਹੋ। ਵੈਸੇ ਲੰਬੀਆਂ ਤੇ ਘੱਟ ਦੂਰੀਆਂ ਦੇ ਸਫ਼ਰ ਲਈ ਕਾਰਪੂਲਿੰਗ ਸਭ ਤੋਂ ਸਸਤਾ ਤਰੀਕਾ ਹੈ। ਜਿਵੇਂ ਕਿ; ਮੋਬੀਕੂਪ (https://www.mobicoop.fr/) ਤਤੇ ਬਲਾਬਲਾਕਾਰ (https://www.blablacar.fr/)

ਲੋਕਲ ਟਰੈਵਲ ਲਈ ਤੁਸੀਂ ਮੈਟਰੋ, ਟਰਾਂਮਵੇਅ, ਲੋਕਲ ਬੱਸਾਂ ਅਤੇ ਟਰੇਨ ਦੀ ਵਰਤੋਂ ਕਰ ਸਕਦੇ ਹੋ। ਜੇਕਰ ਤੁਸੀਂ ਰੈਗੂਲਰ ਬੇਸਿਸ ਉੱਤੇ ਕਿਧਰੇ ਵੀ ਜਾਂਦੇ ਹੋ ਤਾਂ ਤੁਹਾਨੂੰ ਰੋਜ਼ ਸਿੰਗਲ ਟਿਕਟ ਖਰੀਦਣ ਨਾਲੋਂ ਹਫ਼ਤਾਵਾਰੀ ਜਾਂ ਮਹੀਨਾਵਾਰੀ ਬੱਸ ਪਾਸ ਕਾਫ਼ੀ ਸਸਤਾ ਪੈਂਦਾ ਹੈ। ਪੈਰਿਸ ਅਤੇ ਇਸਦੇ ਇਲਾਕਿਆਂ ਲਈ ਇਹ ਵੈੱਬਸਾਇਟ ਦੇਖੋ https://www.ratp.fr/

ਇਸ ਗੱਲ ਬਾਰੇ ਵੀ ਸੁਚੇਤ ਰਹਿਣ ਦੀ ਲੋੜ ਹੈ ਕਿ ਤੁਹਾਡੇ ਮਹੀਨਾਵਾਰੀ ਪਾਸ ਦਾ ਅੱਧਾ ਪੈਸਾ ਤੁਹਾਡੀ ਕੰਪਨੀ ਜਾਂ ਅਦਾਰੇ ਨੂੰ ਦੇਣਾ ਪੈਂਦਾ ਹੈ।

ਟੈਕਸੀ ਕਾਫ਼ੀ ਮਹਿੰਗੀ ਪੈਂਦੀ ਹੈ, ਇਨ੍ਹਾਂ ਦੀ ਵਰਤੋਂ ਕਰਨ ਲਈ ਐਪਸ ਦੁਆਰਾ ਇਨ੍ਹਾਂ ਦੀ ਬੁਕਿੰਗ ਕੀਤੀ ਜਾਂਦੀ ਹੈ।

ਪੈਰਿਸ ਵਰਗੇ ਵੱਡੇ ਸ਼ਹਿਰਾਂ ਵਿਚ ਪਬਲਿਕ ਬਾਇ-ਸਾਇਕਲ ਸ਼ੈਰਿੰਗ ਸਿਸਟਮ ਉਪਲੱਬਧ ਹੈ ਅਤੇ ਜੋ ਕਾਫ਼ੀ ਸਸਤਾ ਵੀ ਪੈਂਦਾ ਹੈ।

## 10. ਅਹਿਮ ਸੰਪਰਕ

ਪ੍ਰਬੰਧਕੀ ਕੰਮਾਕਾਰਾਂ ਦੇ ਮਾਮਲੇ ਵਿਚ ਤੁਹਾਡੇ ਮਾਰਗ ਦਰਸ਼ਨ ਲਈ ਕਈ ਐਸੋਸੀਏਸ਼ਨਾਂ, ਕਾਨੂੰਨੀ ਅਦਾਰੇ ਅਤੇ ਸਮਾਜਕ ਸੇਵਾਵਾਂ ਪ੍ਰਦਾਨ ਕਰਨ ਵਾਲੇ ਸੰਗਠਨ ਸਰਗਰਮ ਹਨ। ਆਪਣੇ ਸਥਾਨਕ ਖੇਤਰਾਂ ਵਿਚ ਉਨ੍ਹਾਂ ਨੂੰ ਲੱਭਣ ਦੀ ਕੋਸ਼ਿਸ਼ ਕਰੋ, ਇਸ ਬਾਰੇ ਤੁਸੀਂ ਆਪਣੇ ਦੋਸਤਾਂ-ਮਿੱਤਰਾਂ ਨਾਲ ਸੰਪਰਕ ਕਰ ਜਾਂ ਲੋਕਲ ਕੌਂਸਲ ਸੋਸ਼ਲ ਸਰਵਿਸ (ਸੀ.ਸੀ.ਏ.ਏਸ) ਜਾ ਕੇ ਵਰਤੋਂ ਯੋਗ ਅਹਿਮ ਸੰਪਰਕਾਂ ਦੀ ਲਿਸਟ ਪ੍ਰਾਪਤ ਕਰ ਸਕਦੇ ਹੋ। ਅਧਿਕਤਰ ਤੌਰ ’ਤੇ ਉੱਥੇ ਦੱਖਣੀ ਏਸ਼ੀਆਈ ਭਾਸ਼ਾਵਾਂ ਵਿਚ ਸਮਝਾ ਸਕਣ ਵਾਲੇ ਲੋਕ ਨਹੀਂ ਹੁੰਦੇ, ਇਸ ਲਈ ਫਰੈਂਚ ਜਾਂ ਅੰਗਰੇਜ਼ੀ ਬੋਲਣ ਵਾਲੇ ਕਿਸੇ ਵਿਅਕਤੀ ਨੂੰ ਆਪਣੇ ਨਾਲ ਲੈ ਕੇ ਜਾਣਾ ਚਾਹੀਦਾ ਹੈ।

ਫਰੈਂਚ ਵਿਚ ਚਿੱਠੀ-ਪੱਤਰ ਨਾਲ ਸੰਚਾਰ ਕਰਨ ਲਈ ਤੁਹਾਨੂੰ ਹਰ ਸਿਟੀ ਕੌਂਸਲ ਦਫ਼ਤਰ ਵਿਚ ਮੁਫ਼ਤ ਚਿੱਠੀ ਲਿਖਣ (écrivain public) ਦੀ ਸੇਵਾ ਮਿਲ ਜਾਂਦੀ ਹੈ।

ਜੇਕਰ ਤੁਸੀਂ ਕਿਸੇ ਸਮਾਜਕ ਜਾਂ ਆਰਥਿਕ ਸਮੱਸਿਆ ਦਾ ਸਾਹਮਣਾ ਕਰ ਰਹੇ ਹੋ ਤਾਂ ਤੁਸੀਂ ਆਪਣੇ ਲੋਕਲ ਕੌਂਸਲ ਸੋਸ਼ਲ ਸਰਵਿਸ (ਸੀ.ਸੀ.ਏ.ਏਸ) ਦੇ ਸੋਸ਼ਲ ਵਰਕਰ ਨੂੰ ਮਿਲ ਸਕਦੇ ਹੋ।

ਰਿਹਾਇਸ਼ੀ ਪਰਮਿਟ ਸੰਬੰਧੀ ਕਿਸੇ ਵੀ ਸਹਾਇਤਾ ਲਈ (ਅਰਜ਼ੀ ਦੇਣ, ਰੀਨਿਊ ਤੇ ਪੱਕਾ ਕਰਵਾਉਣ) ਬਹੁਤ ਸਾਰੀਆਂ ਸੰਸਥਾਵਾਂ ਕੰਮ ਕਰਦੀਆਂ ਹਨ, ਮਿਸਾਲ ਦੇ ਤੌਰ ਉੱਤੇ ਲਾ ਸੀਮੇਡ (**La Cimade**) ਆਦਿ।

ਮੁਫ਼ਤ ਕਾਨੂੰਨੀ ਕੇਂਦਰ, ਲਗਭਗ ਹਰ ਸ਼ਹਿਰ ਵਿਚ ਮੌਜੂਦ ਹਨ। ਇਹ ਤੁਹਾਨੂੰ ਮੁਫ਼ਤ ਲੀਗਲ ਸਲਾਹ ਦਿੰਦੇ ਹਨ।, ਲੋਕਲ ਮੀਡੀਏਸ਼ਨ ਤੇ ਔਰੀਐਂਟੇਸ਼ਨ ਡੈਸਕ (**PIMMS**) ਫਰਾਂਸ ਪ੍ਰਸ਼ਾਸਨ ਨਾਲ ਤੁਹਾਡੇ ਕੰਮਾਕਾਰਾਂ ਵਿਚ ਤੁਹਾਡੀ ਮਦਦ ਕਰਦਾ ਹੈ।

ਪੈਰਿਸ ਖੇਤਰ ਦੇ 5 ਗੁਰੂਦੁਆਰਾ ਸਾਹਿਬਾਨ ਤੋਂ ਤੁਹਾਨੂੰ ਸਿੱਧੀ ਸਹਾਇਤਾ ਵੀ ਮਿਲ ਸਕਦੀ ਹੈ।

| ਸੰਗਠਨ ਦਾ ਨਾਂ | ਉਪਲੱਬਧ ਸੇਵਾ | ਸੰਪਰਕ ਵੇਰਵਾ |
|---|---|---|
| OFII (Office d'immigration et d'intégration | ਨਵੇਂ ਆਏ ਪਰਵਾਸੀ ਦੀ ਰਿਸੈਪਸ਼ਨ ਤੇ ਰਜਿਸਟ੍ਰੇਸ਼ਨ: ਸਵੈ-ਵਾਪਸੀ ਲਈ ਸਹਾਇਤਾ | http://www.ofii.fr/ List of OFII offices: http://www.ofii.fr/ofii-en-france |
| Préfecture | ਵਿਦੇਸ਼ੀਆਂ ਨੂੰ ਰਿਹਾਇਸ਼ੀ ਤੇ ਵਰਕ ਪਰਮਿਟ ਦੇਣ, ਰੀਨਿਊ ਕਰਨ ਵਾਲਾ ਮੁੱਖ ਪ੍ਰਸ਼ਾਸਨਿਕ ਇੰਚਾਰਜ | List of préfectures: https://lannuaire.servic-public.fr/navigation/prefecture |
| - Mairie (City council)<br>- CCAS (City Council social services) | -ਸਕੂਲ ਰਜਿਸਟ੍ਰੇਸ਼ਨ,<br>-ਸਮਾਜਕ ਸੇਵਾਵਾਂ, ਪ੍ਰਬੰਧਕੀ ਕੰਮਕਾਰਾਂ 'ਚ ਵਿਚ ਮਦਦ ਕਰਦਾ ਹੈ | List of mairies: https://lannuaire. service-public.fr/navigation/mairie |
| - Ecrivain public (free letter-writing services) | | ਸਥਾਨਕ ਸਿਟੀ ਕਾਉਂਸਲ ਤੋਂ ਉਪਲੱਬਧ ਸੰਪਰਕ ਵੇਰਵੇ |
| - PIMMS (point information mediation multiservices) | ਸਥਾਨਕ ਜਾਣਕਾਰੀ ਡੈਸਕ | http://www.pimms.org/ |

| ਸੰਗਠਨ ਦਾ ਨਾਂ | ਉਪਲੱਬਧ ਸੇਵਾ | ਸੰਪਰਕ ਵੇਰਵਾ |
|---|---|---|
| - Maison de la Justice et du droit<br>- Points d'accès au droit | ਸਥਾਨਕ ਕਾਨੂੰਨ ਕੇਂਦਰ ਮੁਫਤ ਕਾਨੂੰਨੀ ਅਤੇ ਪ੍ਰਬੰਧਕੀ ਸਲਾਹ ਪ੍ਰਦਾਨ ਕਰਦੇ ਹਨ | http://www.annuaires.justice.gouv.fr/annuaires- 12162/annuaire-des-maisons-de-justice-et-du-droit-21773.html |
| Employment:<br>- Pôle emploi<br>- CFDT (Confédération française démocratique du travail)<br>- CGT (Confédération générale du travail) | ਬੇਰੁਜ਼ਗਾਰਾਂ ਨੂੰ ਰਜਿਸਟਰ ਕਰਨ, ਨੌਕਰੀ ਲੱਭਣ ਵਿਚ ਸਹਾਇਤਾ ਅਤੇ ਬੇਰੁਜ਼ਗਾਰੀ ਲਾਭ ਮੁਹੱਈਆ ਕਰਵਾਉਣ ਵਾਲੀਆਂ ਸਰਕਾਰੀ ਏਜੰਸੀਆਂ<br><br>ਟਰੇਡ ਯੂਨੀਅਨਾਂ, ਪਰਵਾਸੀਆਂ ਸਣੇ ਵਰਕਰਾਂ ਨੂੰ ਲੇਬਰ ਮਸਲਿਆਂ ਦੇ ਨਿਪਟਾਰੇ ਲਈ ਮਦਦ ਤੇ ਕਾਨੂੰਨੀ ਸਲਾਹ ਦੇਣਾ | List of local offices of Pôle emploi:<br>https://lannuaire.service-public.fr/navigation/mission_locale<br><br>ਮਿਸ਼ਨ ਸਥਾਨਾਂ ਦੀ ਸੂਚੀ (ਸਥਾਨਕ ਨੌਜਵਾਨ ਰੁਜ਼ਗਾਰ ਦਫ਼ਤਰ):<br>https://lannuaire.service-public.fr/navigation/mission_locale<br>www.cfdt.fr<br>www.cgt.fr |
| - Caisse Primaire d'Assurance Maladie<br>- PASS (permanences d'accès aux soins de santé)<br>- CASO (Centre d'accueil, de soins et d'orientation) de Médecins du Monde<br>- Centre Minkowska (Paris) | ਬਿਮਾਰੀ, ਜਣੇਪਾ ਅਤੇ ਅਪੰਗਤਾ ਨੂੰ ਕਵਰ ਕਰਨ ਵਾਲਾ ਜਨਤਕ ਸਿਹਤ ਬੀਮਾ,<br>ਜ਼ਿਆਦਾਤਰ ਹਸਪਤਾਲਾਂ ਵਿਚਲੇ ਮੁਫ਼ਤ ਸਿਹਤ ਸੇਵਾਵਾਂ,<br>ਕੇਂਦਰ ਸਿਹਤ ਕਲੀਨਿਕ (ਮਾਨਸਿਕ ਸਿਹਤ ਮਾਹਰ ਸ਼ਾਮਿਲ ਹਨ),<br>ਓਰੀਐਂਟੇਸ਼ਨ ਸੇਵਾਵਾਂ<br><br>ਅਨੁਵਾਦਕ ਸੇਵਾਵਾਂ ਨਾਲ ਮੁਫ਼ਤ ਦਿਮਾਗੀ ਸਿਹਤ ਕਲੀਨਿਕ | https://www.ameli.fr/<br>List of offices: https://lannuaire.service-public.fr/navigation/cpam<br>List of PASS located in Parisian hospitals:<br>https://www.aphp.fr/permanences-dacces-aux-soins-de-sante-lap-hp<br>Médecins du Monde Parisian CASO:<br>https://www.medecinsdumonde.org/fr/contact/ile-de-france<br>http://www.minkowska.com/ |
| Caisses d'allocations familiales (CAF) | ਬੱਚਿਆਂ ਲਈ ਭੱਤੇ, ਚਾਈਲਡ ਕੇਅਰ ਭੱਤੇ ਤੇ ਹਾਊਸਿੰਗ ਭੱਤੇ | https://www.caf.fr/<br>Information on childcare:<br>https://www.mon-enfant.fr/ |
| - Association nationale pour la formation professionnelle des adultes (AFPA)<br>- GRETA (groupements d'établissements publics d'enseignement)<br>- Cours municipaux pour adultes<br>- BAAM | ਸਕਿੱਲ ਟ੍ਰੇਨਿੰਗ ਪ੍ਰੋਗਰਾਮ ਤੇ ਬਾਲਗਾਂ ਲਈ ਕੋਰਸ ਪ੍ਰਦਾਨ ਕਰਨਾ<br><br>ਪੈਰਿਸ ਸਿਟੀ ਕੌਂਸਲ ਦੇ ਬਾਲਗਾਂ ਲਈ ਕੋਰਸ<br><br>ਪਰਸੀਅਨ ਲਾਇਬ੍ਰੇਰੀਆਂ ਦੇ ਮੁਫ਼ਤ ਅਤੇ ਬਿਨਾਂ ਐਡਵਾਂਸ ਰਜਿਸਟ੍ਰੇਸ਼ਨ ਵਾਲੇ ਫਰੈਂਚ ਕੋਰਸ | www.afpa.fr<br>List of Greta :<br>https://lannuaire.service-public.fr/navigation/greta<br>https://www.paris.fr/cma<br>https://baamasso.org/fr/ateliers-francais/#Les%20cours%20de%20fran%C3%A7ais<br>Comprehensive list of French courses offer in Paris region:/<br>https://www.reseau-alpha.org/ |

| ਸੰਗਠਨ ਦਾ ਨਾਂ | ਉਪਲੱਬਧ ਸੇਵਾ | ਸੰਪਰਕ ਵੇਰਵਾ |
|---|---|---|
| Indian Embassy in Paris | ਕੌਂਸਲਰ ਸਰਵਿਸ – ਭਾਰਤੀਆਂ ਦੀ ਫਰਾਂਸ ਵਿਚ ਰਜਿਸਟ੍ਰੇਸ਼ਨ ਫਰਾਂਸ ਵਿਚ ਇੰਡੀਅਨ ਸੰਸਥਾਵਾਂ ਦੇ ਸੰਪਰਕ | https://www.eoiparis.gov.in/<br>Emergency number: 0648340063 |
| Gurdwara Singh Sabha | ਸਥਾਨਕ ਸਲਾਹ ਮਸ਼ਵਰਾ ਤੇ ਮੁਫ਼ਤ ਭੋਜਨ (ਲੰਗਰ ਦੀ ਸੇਵਾ ਹਫ਼ਤੇ ਦੇ 7 ਦਿਨ) | http://gssfcs.com/ |
| Indian Professionals Association | ਭਾਰਤੀ ਪੇਸ਼ੇਵਰਾਂ ਅਤੇ ਫਰੈਂਚ ਸਮਾਜ ਵਿਚਾਲੇ ਸਮਾਜਿਕ ਤੇ ਸੱਭਿਆਚਾਰਕ ਮੇਲ-ਮਿਲਾਪ ਨੂੰ ਉਤਸ਼ਾਹਿਤ ਕਰਨਾ | https://ipafrance.com/ |
| NGOs providing help to migrants:<br>-CIMADE<br>-GISTI<br>-CSP 75 (Coordination des Sans Papiers)<br>-RESF (Réseau éducation sans frontière)<br>-RUSF (Réseau universities sans frontières)<br>-Résome | ਪਰਵਾਸੀਆਂ ਦਾ ਕਾਨੂੰਨੀ ਮਾਰਗਦਰਸ਼ਨ ਤੇ ਸਲਾਹ<br><br>ਪੈਰਿਸ ਵਿਚ ਅਣਪ੍ਰਮਾਣਿਤ ਪਰਵਾਸੀਆਂ ਦਾ ਤਾਲਮੇਲ<br><br>ਅਣ-ਪ੍ਰਮਾਣਿਤ ਬੱਚਿਆਂ ਤੇ ਉਨ੍ਹਾਂ ਦੇ ਪਰਿਵਾਰਾਂ ਦੀ ਮਦਦ ਕਰਨੀ ਤੇ ਡਿਪੋਰਸ਼ਨ ਰੋਕਣੀ<br><br>ਵਿਦੇਸ਼ੀ ਵਿਦਿਆਰਥੀਆਂ ਲਈ ਮਾਰਗਦਰਸ਼ਨ ਤੇ ਸਲਾਹ ਮਸ਼ਵਰਾਂ ਸੇਵਾ | https://www.lacimade.org/<br>www.gisti.org<br>Legal helpline :<br>01 43 14 60 66<br>https://csp75.wordpress.com/<br>http://www.<br>educationsansfrontieres.org/<br>http://www.rusf.org/-<br>Materiel-.html<br>http://test.resome.org/ |
| -MFPF (Mouvement français pour le planning familial)<br>-RAJFIRE (Réseau pour l'autonomie des femmes immigrées et réfugiées) | ਔਰਤਾਂ ਦੇ ਹੱਕਾਂ, ਲਿੰਗਕ ਸਮੱਸਿਆਵਾਂ, ਗਰਭ ਨਿਰੋਧਨ ਅਤੇ ਗਰਭਪਾਤ ਬਾਰੇ ਸਲਾਹ ਮਸ਼ਵਰਾ<br><br>ਪਰਵਾਸੀ ਔਰਤਾਂ ਲਈ ਕੰਮ ਕਰਨ ਵਾਲੇ ਸੰਗਠਨ | https://www.planning-familial.org/<br>http://rajfire.free.fr/ |
| GOPIO ਫਰਾਂਸ ਪੈਰਿਸ (ਗਲੋਬਲ ਓਰਗ੍ਰਨਿਜ਼ੈਸ਼ਨ ਆਫ ਪੀਪਲ ਆਫ ਇੰਡੀਅਨ ਓਰਿਜਿਨ) | ਪੜਾਈ ਲਈ ਮਦਦ, ਇੰਟਰਨਸ਼ਿਪ, ਰੁਜ਼ਗਾਰ, ਕਈ ਸਭਿਆਚਾਰਕ ਪ੍ਰੋਗਰਾਮ, ਜਾਣੋ ਇੰਡੀਆ ਪ੍ਰੋਗਰਾਮ (Know India Program - KIP) ਲਈ ਭਾਰਤੀ ਮੂਲ ਦੇ ਨੌਜਵਾਨਾਂ ਨੂੰ ਭਾਰਤ ਭੇਜਣਾ। | ਵੈਬਸਾਈਟ: www.gopiofrance.com<br>ਸੰਗਠਨ ਈ—ਮੇਲ: gopioparisfr@gmail.com<br>ਫਾਊਂਡਰ: Founder.Gopioparisfr@gmail.com |

## ਵਰਤੋਂ-ਯੋਗ ਨੰਬਰ

| | | |
|---|---|---|
| ਐਸ.ਏ.ਐਮ.ਯੂ | ਐਂਬੂਲੈਂਸ, ਮੁੱਢਲੀ ਡਾਕਟਰੀ ਸਹਾਇਤਾ | 15 |
| ਪੁਲਿਸ, gendarmerie | | 17 |
| Pompiers | ਫਾਇਰ ਬ੍ਰਿਗੇਡ | 18 |
| Enfance maltraitée | ਬੱਚਿਆਂ ਦਾ ਸ਼ੋਸ਼ਣ ਰੋਕਣ ਲਈ ਹੌਟਲਾਇਨ | 119 |
| SAMU social | ਬੇਘਰੇ ਲੋਕਾਂ ਨੂੰ ਸਹਾਇਤਾ ਲਈ ਹੌਟਲਾਇਨ | 115 |
| Violences femmes info | ਔਰਤਾਂ 'ਤੇ ਹੁੰਦੀ ਘਰੇਲੂ ਹਿੰਸਾ ਰੋਕਣ ਲਈ ਹੌਟਲਾਇਨ | 3919 |
| Ac.Sé | ਮਾਨਵੀ ਤਸਕਰੀ ਰੋਕਣ ਲਈ ਹੌਟਲਾਇਨ | 0825 009 907 |

**ਫਰਾਂਸ ਵਿਚ ਭਾਰਤੀਆਂ ਦੇ ਏਕੀਕਰਣ ਲਈ ਤਿਆਰ ਕੀਤੀ ਗਈ ਹੈਂਡਬੁੱਕ** ਭਾਰਤੀ ਪ੍ਰਵਾਸੀਆਂ ਲਈ ਸਥਾਨਕ ਪ੍ਰਣਾਲੀ ਨੂੰ ਸਮਝਣ, ਫਰਾਂਸ ਵਿਚ ਬਹੁਤ ਸਾਰੀਆਂ ਸਥਾਨਕ ਸੰਸਥਾਵਾਂ ਤੇ ਸੇਵਾ-ਪ੍ਰਦਾਤਾਵਾਂ ਦੁਆਰਾ ਪੇਸ਼ ਕੀਤੀਆਂ ਸੇਵਾਵਾਂ ਤੱਕ ਪਹੁੰਚ ਕਰਨ ਲਈ ਇਕ ਗਾਈਡ ਹੈ।

ਯਥਾਰਥਕ ਰੂਪ ਵਿਚ ਇਹ ਹੈਂਡਬੁਕ ਪਰਵਾਸੀਆਂ ਦੇ ਨਿਜੀ ਅਨੁਭਵਾਂ ’ਤੇ ਆਧਾਰਤ ਹੈ। ਇਸ ਹੈਂਡਬੁਕ ਦਾ ਮੁੱਖ ਉਦੇਸ਼, ਪ੍ਰਵਾਸੀਆਂ ਦੀ ਰੋਜ਼ਾਨਾਂ ਜ਼ਿੰਦਗੀ ਲਈ ਬਣਾਈਆਂ ਗਈਆਂ ਪ੍ਰਕਿਰਿਆ ਦੀ ਲੰਮੀ ਸੂਚੀ ਨੂੰ ਸੌਖੇ ਰੂਪ ਵਿਚ ਪੇਸ਼ ਕਰਨਾ ਹੈ। ਇਸ ਦੇ ਨਾਲ ਹੀ ਇਨ੍ਹਾਂ ਪਰਵਾਸੀ ਲੋਕਾਂ ਨੂੰ ਆਪਣੇ ਹੋਸਟ ਸਮਾਜ ਨੂੰ ਸਮਝਣ, ਉਸ ਅਨੁਕੂਲ ਬਣਨ ਅਤੇ ਜੀਵਨ ਵਿਚਲੀਆਂ ਆਪਣੀਆਂ ਉੱਚੀਆਂ ਸੰਭਾਵਨਾ ਪ੍ਰਾਪਤ ਕਰਨ ਲਈ ਇਕ ਮੌਕਾ ਪ੍ਰਦਾਨ ਕਰਨਾ ਹੈ।

ILO Decent Work Team for South
Asia and Country Office for India

Core 4B, 3rd Floor, Lodhi Road
New Delhi 110003
India
Tel: +91 11 47509200
Fax: +91 11 24602111
Email: delhi@ilo.org
www.ilo.org/india

ਆਈਐੱਸਬੀਐੱਨ: 978-92-2-031790-7 (ਪ੍ਰਿੰਟ)
978-92-2-031791-4 (ਵੈੱਬ ਪੀਡੀਐੱਫ)